3.30 / 30.06.2022 (AS)ਤਰਲੋਚਨ ਸਿੰਘ / ਮੋਨਿਕਾ ਸ਼ਰਮਾ

# PUNJAB VIDHAN SABHA

*Thursday, the 30th June, 2022*

*(Afternoon Sitting)*

*The Vidhan Sabha met in the Punjab Vidhan Sabha Hall, Vidhan Bhavan, Sector -1, Chandigarh at 3.30 P.M. Mr. Speaker (Sardar Kultar Singh Sandhwan) in the Chair.*

---------

## STARRED QUESTIONS AND ANSWERS

### ਸ੍ਰੀ ਮੁਕਤਸਰ ਸਾਹਿਬ ਵਿਖੇ ਸੀਵਰੇਜ ਸਿਸਟਮ ਨੂੰ ਠੀਕ ਕਰਵਾਉਣਾ

*332. **ਸਰਦਾਰ ਜਗਦੀਪ ਸਿੰਘ ਕਾਕਾ ਬਰਾੜ** : ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸ੍ਰੀ ਮੁਕਤਸਰ ਸਾਹਿਬ ਵਿਖੇ ਸੀਵਰੇਜ ਸਹੀ ਕੰਮ ਨਹੀਂ ਕਰ ਰਿਹਾ ਹੈ; ਜੇਕਰ ਅਜਿਹਾ ਹੈ ਤਾਂ ਇਸ ਨੂੰ ਠੀਕ ਕਰਵਾਉਣ ਦੀ ਕੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸ਼੍ਰੀ ਬ੍ਰਮ ਸ਼ੰਕਰ (ਜਿੰਪਾ) :** ਇਹ ਠੀਕ ਹੈ ਕਿ ਸ੍ਰੀ ਮੁਕਤਸਰ ਸਾਹਿਬ ਦੀ ਸੀਵਰੇਜ ਸਕੀਮ ਬਹੁਤ ਪੁਰਾਣੀ ਹੈ। ਹੁਣ ਆਬਾਦੀ ਵਿੱਚ ਵਾਧਾ ਹੋਣ ਕਾਰਨ ਇਹ ਮੌਜੂਦਾ ਮੰਗ ਨੂੰ ਪੂਰਾ ਕਰਨ ਲਈ ਸਮਰੱਥ ਨਹੀਂ ਹੈ। ਇਸ ਲਈ ਸੀਵਰੇਜ ਸਿਸਟਮ ਦੀ ਬਲਾਕੇਜ ਦੀਆਂ ਕਦੇ ਕਦੇ ਸ਼ਿਕਾਇਤਾਂ ਪ੍ਰਾਪਤ ਹੁੰਦੀਆਂ ਰਹਿੰਦੀਆਂ ਹਨ। ਇਸ ਸਮੱਸਿਆ ਨੂੰ ਵਿਭਾਗ ਵੱਲੋਂ ਪਹਿਲ ਦੇ ਆਧਾਰ ਤੇ ਠੀਕ ਕਰਵਾਇਆ ਜਾਂਦਾ ਹੈ।

ਸ਼ਹਿਰ ਸ੍ਰੀ ਮੁਕਤਸਰ ਸਾਹਿਬ ਦੇ ਸੀਵਰੇਜ ਸਿਸਟਮ ਨੂੰ ਅਪਗਰੇਡ ਕਰਨ ਲਈ ਤਜਵੀਜ਼ ਪੰਜਾਬ ਮਿਊਂਸਪਲ ਇਨਫਰਾਸਟਰੱਕਚਰ ਡਿਵੈਲਪਮੈਂਟ ਕੰਪਨੀ (ਪੀ.ਐਮ.ਆਈ.ਡੀ.ਸੀ.) ਨੂੰ ਮਹੀਨਾ ਜਨਵਰੀ, 2020 ਵਿੱਚ ਲਾਗਤ 92.52 ਕਰੋੜ ਬਣਾ ਕੇ ਭੇਜਦੇ ਹੋਏ ਫੰਡਾਂ ਦੀ ਮੰਗ ਕੀਤੀ ਗਈ ਸੀ, ਪਰੰਤੂ ਪ੍ਰਵਾਨਗੀ ਪ੍ਰਾਪਤ ਨਾ ਹੋਣ ਕਰਕੇ ਇਹ ਕੰਮ ਨੇਪਰੇ ਨਹੀਂ ਚੜ੍ਹ ਸਕਿਆ।

ਇਸ ਸਬੰਧੀ ਵਿੱਚ ਹੁਣ ਦੁਬਾਰਾ ਪੰਜਾਬ ਮਿਊਂਸਪਲ ਇਨਫਰਾਸਟਰੱਕਚਰ ਡਿਵੈਲਪਮੈਂਟ ਕੰਪਨੀ (ਪੀ.ਐਮ.ਆਈ.ਡੀ.ਸੀ.) ਸਥਾਨਕ ਸਰਕਾਰ ਵਿਭਾਗ ਨਾਲ ਮਾਮਲਾ ਟੇਕ ਅੱਪ ਕੀਤਾ ਜਾ ਰਿਹਾ ਹੈ। ਫੰਡਜ਼ ਪ੍ਰਾਪਤ ਹੋਣ ਉਪਰੰਤ ਇਹ ਕੰਮ ਦੋ ਸਾਲ ਦੇ ਅੰਦਰ-ਅੰਦਰ ਮੁਕੰਮਲ ਕਰਵਾ ਦਿੱਤਾ ਜਾਵੇਗਾ।

**ਸਰਦਾਰ ਜਗਦੀਪ ਸਿੰਘ ਕਾਕਾ ਬਰਾੜ** : ਸਪੀਕਰ ਸਾਹਿਬ, ਤੁਹਾਡੇ ਮਾਧਿਅਮ ਰਾਹੀਂ ਮੈਂ ਮੰਤਰੀ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ।

**ਮਾਨਯੋਗ ਸਪੀਕਰ** : ਬਰਾੜ ਸਾਹਿਬ, ਤੁਸੀਂ ਦੱਸਣਾ ਨਹੀਂ ਜੀ, ਸਵਾਲ ਪੁੱਛਣਾ ਹੈ।

**ਸਰਦਾਰ ਜਗਦੀਪ ਸਿੰਘ ਕਾਕਾ ਬਰਾੜ** : ਪਿਛਲੇ ਸਮੇਂ ਤੋਂ ਮੁਕਤਸਰ ਸਾਹਿਬ ਦਾ ਸੀਵਰ ਤਕਰੀਬਨ 15-20 ਸਾਲ ਤੋਂ ਇਸੇ ਹਾਲਤ ਵਿੱਚ ਹੈ। ਮੇਰੀ ਮੰਤਰੀ ਜੀ ਨੂੰ ਬੇਨਤੀ ਹੈ ਕਿ ਤੁਸੀਂ ਆਪਣੇ ਅਫ਼ਸਰਾਂ ਤੋਂ ਪਤਾ ਕਰਵਾਉ ਕਿ ਪਿਛਲੇ ਹਫ਼ਤੇ ਵਿੱਚ ਪੰਜਾਬ ਦਾ ਇੱਕੋ ਹੀ ਸ਼ਹਿਰ ਹੋਣਾ ਹੈ, ਜਿੱਥੇ ਹਫ਼ਤੇ ਦੀਆਂ 10 ਕੰਪਲੇਂਟਾਂ ਆ ਰਹੀਆਂ ਹਨ। ਸੀਵਰ ਅੱਜ ਵੀ ਬੰਦ ਹੈ, ਅੱਜ ਤੋਂ 20 ਸਾਲ ਪਹਿਲਾਂ ਵੀ ਬੰਦ ਹੀ ਸੀ। ਉਸ ਦਾ ਬਹੁਤ ਬੁਰਾ ਹਾਲ ਹੈ। ਮੁਕਤਸਰ ਸਾਹਿਬ ਇੱਕ ਇਤਿਹਾਸਕ ਸ਼ਹਿਰ ਹੈ। ਇਹ ਚਾਲੀ ਮੁਕਤਿਆਂ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਹੈ। ਇਹ 40 ਮੁਕਤਿਆਂ ਦੀ ਸ਼ਹੀਦੀ ਦਾ ਅਸਥਾਨ ਹੈ, ਉੱਥੇ ਮੇਲਾ ਵੀ ਲੱਗਦਾ ਹੈ। ਮੈਂ ਮੰਤਰੀ ਸਾਹਿਬ ਨੂੰ ਪੁਰਜ਼ੋਰ ਅਪੀਲ ਕਰਦਾ ਹਾਂ ਕਿ ਸ੍ਰੀ ਮੁਕਤਸਰ ਸਾਹਿਬ ਦੀ ਹਾਲਤ ਬਹੁਤ ਤਰਸਯੋਗ ਹਾਲਤ ਹੈ, ਇਸ ਨੂੰ ਠੀਕ ਕੀਤਾ ਜਾਵੇ।

**ਮਾਨਯੋਗ ਸਪੀਕਰ** : ਠੀਕ ਹੈ ਜੀ। ਬਰਾੜ ਸਾਹਿਬ, ਜਿਹੜਾ ਪ੍ਰਸ਼ਨ ਕਾਲ ਹੈ, ਇਸ ਵਿੱਚ ਸਾਰੇ ਪੰਜਾਬ ਦੇ ਪ੍ਰਸ਼ਨ ਲੱਗੇ ਹੁੰਦੇ ਹਨ। ਆਪਾਂ ਸਪੀਚ ਨਾ ਦੇ ਕੇ ਪ੍ਰਸ਼ਨ ਪੁੱਛਿਆ ਕਰੀਏ। ਮੇਰਾ ਖਿਆਲ ਹੈ ਕਿ ਉਧਰੋਂ ਜਵਾਬ ਆ ਗਿਆ ਹੈ, ਜੇ ਕੁਝ ਹੋਰ ਪੁੱਛਣਾ ਹੈ ਤਾਂ ਪੁੱਛ ਲਉ। ਸਪੀਚ ਨਾ ਕਰੋ, ਸਵਾਲ ਪੁੱਛੋ।

**ਸਰਦਾਰ ਜਗਦੀਪ ਸਿੰਘ ਕਾਕਾ ਬਰਾੜ** : ਸਵਾਲ ਤਾਂ ਇਹੋ ਹੈ ਕਿ ਇਸ ਦਾ ਟਾਈਮ ਨਿਰਧਾਰਤ ਕੀਤਾ ਜਾਵੇ ਕਿ ਸ੍ਰੀ ਮੁਕਤਸਰ ਸਾਹਿਬ ਦੇ ਸੀਵਰ ਦੀ ਹਾਲਤ ਸੁਧਾਰਨ ਵਿੱਚ ਕਿੰਨਾ ਟਾਈਮ ਲੱਗ ਸਕਦਾ ਹੈ?

**ਮੰਤਰੀ** : ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਸਪੀਕਰ ਸਾਹਿਬ ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਇਸ ਵਿੱਚ ਦੋ ਬਾਡੀਜ਼ ਕੰਮ ਕਰਦੀਆਂ ਹਨ। ਜਿਸ ਤਰ੍ਹਾਂ ਕਿ ਸੀਵਰੇਜ ਬੋਰਡ ਅਤੇ ਲੋਕਲ ਬਾਡੀਜ਼। ਲੇਕਿਨ ਪੀ.ਐਮ.ਆਈ.ਡੀ.ਸੀ. ਰਾਹੀਂ ਸਥਾਨਕ ਸਰਕਾਰ ਰਾਹੀਂ ਇਸ ਮਾਮਲੇ ਨੂੰ ਟੇਕ ਅੱਪ ਕੀਤਾ ਜਾ ਰਿਹਾ ਹੈ। ਜੇਕਰ ਇਸ ਸਾਰੇ ਸੀਵਰੇਜ ਸਿਸਟਮ ਨੂੰ ਚੇਂਜ ਕਰਨਾ ਹੋਵੇ ਤਾਂ ਘੱਟੋ ਘੱਟ ਦੋ ਸਾਲ ਲੱਗਣਗੇ। ਜਿਵੇਂ ਜਿਵੇਂ ਹੀ

ਸਾਡੇ ਧਿਆਨ ਵਿੱਚ ਚੀਜ਼ਾਂ ਸਾਹਮਣੇ ਆ ਰਹੀਆਂ ਹਨ, ਉਨ੍ਹਾਂ ਤੇ ਜ਼ਰੂਰ ਕਾਰਵਾਈ ਕਰ ਰਹੇ ਹਾਂ। ਵਿਭਾਗਾਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਇਨ੍ਹਾਂ ਸਮੱਸਿਆਵਾਂ ਦਾ ਜਲਦੀ ਤੋਂ ਜਲਦੀ ਹੱਲ ਕੀਤਾ ਜਾਵੇ।

--------------------

## ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 304

**ਮਾਨਯੋਗ ਸਪੀਕਰ** : ਇਸ ਪ੍ਰਸ਼ਨ ਦਾ ਜਵਾਬ ਮਾਨਯੋਗ ਮੁੱਖ ਮੰਤਰੀ ਸਾਹਿਬ ਨੇ ਦੇਣਾ ਸੀ ਪ੍ਰੰਤੂ ਉਹ ਹਾਜ਼ਰ ਨਹੀਂ ਹਨ। ਸ਼੍ਰੀ ਗੁਰਮੀਤ ਸਿਘ ਮੀਤ ਹੇਅਰ ਜੀ, ਕੀ ਇਹ ਪ੍ਰਸ਼ਨ ਤੁਹਾਨੂੰ ਡੈਲੀਗੇਟ ਹੋਇਆ ਹੈ?

**ਸਿੱਖਿਆ ਮੰਤਰੀ (ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ)** : ਨਹੀਂ ਜੀ।

**ਮਾਨਯੋਗ ਸਪੀਕਰ** : ਇਹ ਪ੍ਰਸ਼ਨ ਮੁਲਤਵੀ ਕੀਤਾ ਜਾਂਦਾ ਹੈ।

-----

## ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 288

(ਸਬੰਧਿਤ ਮੈਂਬਰ ਦੇ ਮਾਨਯੋਗ ਡਿਪਟੀ ਸਪੀਕਰ ਬਣਨ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋ ਸਕਿਆ)

-----------

ਮ/ ਮ.ਸ਼./3.35/ 30.06.2022

## ਸਬ ਡਵੀਜ਼ਨ ਫਿਲੌਰ ਵਿਖੇ ਸਰਕਾਰੀ ਡਿਗਰੀ ਕਾਲਜ ਖੋਲ੍ਹਣਾ

*189. **ਸ਼੍ਰੀ ਵਿਕਰਮਜੀਤ ਸਿੰਘ ਚੌਧਰੀ:** ਕੀ ਇਹ ਠੀਕ ਹੈ ਕਿ ਸਬ ਡਵੀਜ਼ਨ ਫਿਲੌਰ ਦੇ ਵਿਦਿਆਰਥੀਆਂ ਨੂੰ ਉੱਚ ਸਿੱਖਿਆ ਲਈ ਮਹਿੰਗੇ ਪ੍ਰਾਈਵੇਟ ਕਾਲਜਾਂ ਅਤੇ ਦੂਰ ਦੇ ਸਥਾਨਾ ਤੇ ਜਾਣਾ ਪੈਂਦਾ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਸਬ ਡਵੀਜ਼ਨ ਫਿਲੌਰ ਵਿੱਚ ਇੱਕ ਸਰਕਾਰੀ ਡਿਗਰੀ ਕਾਲਜ ਸ਼ੁਰੂ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ਇਸ ਦੀ ਮਨਜ਼ੂਰੀ ਦਿੱਤੀ ਜਾਵੇਗੀ?

**ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਨਹੀਂ ਜੀ, ਸਬ ਡਵੀਜ਼ਨ ਫਿਲੌਰ ਵਿੱਚ ਪਹਿਲਾਂ ਹੀ ਯੂਨੀਵਰਸਿਟੀ ਕਾਲਜ, ਫਿਲੌਰ ਚੱਲ ਰਿਹਾ ਹੈ ਜਿੱਥੇ ਇਲਾਕੇ ਦੇ ਵਿਦਿਆਰਥੀ ਉਚੇਰੀ ਸਿੱਖਿਆ ਗ੍ਰਹਿਣ ਕਰ ਰਹੇ ਹਨ।

**ਸ਼੍ਰੀ ਵਿਕਰਮਜੀਤ ਸਿੰਘ ਚੌਧਰੀ:** ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਫਿਲੌਰ ਵਿੱਚ ਟੇਹੰਗ ਪਿੰਡ ਹੈ ਜਿੱਥੇ ਸ਼੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਆਪਰੇਸ਼ਨਲ ਹੈ। ਜਿਸ ਵਿੱਚ ਕੇਵਲ 450 ਸਟੂਡੈਂਟਸ ਹਨ ਐਾਰ ਇਸ ਕਾਲਜ ਦੀ ਬਹੁਤ ਮਾੜੀ ਹਾਲਤ ਹੈ। ਪਿਛਲੀ ਸਰਕਾਰ ਦੇ ਦੌਰਾਨ ਸਾਡੇ ਸਾਬਕਾ ਮੰਤਰੀ ਸਰਦਾਰ ਪਰਗਟ ਸਿੰਘ ਪੋਵਾਰ ਜੀ ਤੋਂ ਤਕਰੀਬਨ ਦੋ ਕਰੋੜ 53 ਲੱਖ ਰੁਪਏ ਦੀ ਗਰਾਂਟ ਸੈਂਕਸ਼ਨ ਹੋਈ ਸੀ ਪਰ ਉਹ ਗਰਾਂਟ ਅਜੇ ਤੱਕ ਕਾਲਜ ਕੋਲ ਨਹੀਂ ਗਈ ਹੈ। ਮੈਂ ਮੰਤਰੀ ਸਾਹਿਬ ਨੂੰ ਇਹ ਬੇਨਤੀ ਕਰਾਂਗਾ ਕਿ ਸੈਂਕਸ਼ਨਡ ਗਰਾਂਟ ਰਿਲੀਜ਼ ਕੀਤੀ ਜਾਵੇ ਤੇ ਬਿਲਡਿੰਗ ਦਾ ਜਿਹੜਾ ਕੰਮ ਅਧੂਰਾ ਪਿਆ ਹੈ, ਉਹ ਪੂਰਾ ਕੀਤਾ ਜਾਵੇ।

**ਮਾਨਯੋਗ ਸਪੀਕਰ:** ਕੰਮ ਕਦੋਂ ਤੱਕ ਪੂਰਾ ਕੀਤਾ ਜਾਵੇਗਾ?

**ਮੰਤਰੀ:** ਸਰ, ਮੇਰੇ ਕੋਲ ਪਿਛਲੇ ਮੰਤਰੀ ਸਾਹਿਬ ਦੇ ਸਪੋਰਟਸ ਕਾਲਜਾਂ ਦੇ ਵੀ ਤੇ ਬੜੇ ਜਗ੍ਹਾ ਦੀਆਂ ਲੋਕ ਅਖਬਾਰਾਂ ਦੀਆਂ ਖਬਰਾਂ ਲੈ ਕੇ ਆ ਜਾਂਦੇ ਹਨ ਕਿ ਇਹ ਦੇਖੋ ਗਰਾਂਟ ਸੈਂਕਸ਼ਨ ਹੋਈ ਸੀ। ਜਦੋਂ ਮੇਰੇ ਕੋਲ ਸਪੋਰਟਸ ਡਿਪਾਰਟਮੈਂਟ ਆਇਆ ਤਾਂ ਮੈਂ ਦੇਖਿਆ ਕਿ ਉੱਥੇ ਤਾਂ ਕੋਈ ਫੰਡਜ਼ ਹੀ ਨਹੀਂ ਸਨ । ਪਤਾ ਨਹੀਂ ਉਹ ਗਰਾਂਟਾਂ ਸੈਂਕਸ਼ਨ ਕਰਵਾ ਕੇ ਖਬਰਾਂ ਕਿੱਥੋਂ ਲਵਾ ਦਿੰਦੇ ਸੀ। ਜੇ ਕੋਈ ਕਾਲਜ ਵਿੱਚ ਇਸ ਤਰ੍ਹਾਂ ਦੀ ਜ਼ਰੂਰਤ ਹੈ ਤਾਂ ਮੈਨੂੰ ਪਤਾ ਨਹੀਂ ਹੈ ਕਿਉਂਕਿ ਮੇਰੇ ਕੋਲ ਜਵਾਬ ਵਿੱਚ ਨਹੀਂ ਆਇਆ ਹੈ ਕਿ ਇਸ ਤਰ੍ਹਾਂ ਦੀ ਕੋਈ ਗਰਾਂਟ ਸੈਂਕਸ਼ਨ ਹੋਈ ਵੀ ਹੈ। ਜਦੋਂ ਇਲੈਕਸ਼ਨ ਈਅਰ ਹੁੰਦਾ ਹੈ ਤਾਂ ਬੜੀਆਂ ਜਗ੍ਹਾ ਤੇ ਇੱਕ ਰਿਵਾਜ ਹੀ ਬਣ ਗਿਆ ਹੈ ਕਿ ਗਰਾਂਟ ਸੈਂਕਸ਼ਨ ਕਰਵਾ ਲਓ, ਫੋਟੋ ਕਰਵਾ ਲਓ। ਸਾਡੇ ਵੀ ਬਰਨਾਲਾ ਵਿੱਚ ਇੱਕ ਟਰੌਮਾ ਸੈਂਟਰ ਤੇ ਪੰਜਾਹ ਹਜ਼ਾਰ ਰੁਪਏ ਲਗਾ ਕੇ ਉਦਘਾਟਨ ਕਰ ਗਏ ਤੇ ਉਸ ਬਾਰੇ ਬੜਾ ਰੌਲਾ ਵੀ ਪੈ ਗਿਆ, ਪਹਿਲਾਂ ਨੀਂਹ ਪੱਥਰ ਤੇ ਕੈਪਟਨ ਅਮਰਿੰਦਰ ਸਿੰਘ ਦਾ ਨਾਂ ਲਿਖਿਆ ਗਿਆ, ਉਨ੍ਹਾਂ ਤੋਂ ਤਾਂ ਚਲੋ ਕੁਰਸੀ ਲੈ ਲਈ ਗਈ, ਫਿਰ ਉਸ ਦਾ ਉਦਘਾਟਨ ਆ ਕੇ ਸ਼੍ਰੀ ਓ.ਪੀ. ਸੋਨੀ ਕਰ ਗਏ। ਫਿਰ ਰਾਤੋ ਰਾਤ ਦੂਜਾ ਨੀਂਹ ਪੱਥਰ ਲਗਵਾਇਆ ਪਰ ਅਜੇ ਵੀ ਉੱਥੇ ਨਾ ਤਾਂ ਕਾਲਜ ਹੈ ਤੇ ਨਾ ਹੀ ਕੁਝ ਹੋਰ ਬਣਿਆ ਹੈ ਪਰ ਜੋ ਮਾਨਯੋਗ ਮੈਂਬਰ ਸਾਹਿਬ ਨੇ ਕਿਹਾ ਹੈ ਕਿ ਉੱਥੇ ਗਰਾਂਟ ਦੀ ਜ਼ਰੂਰਤ ਹੈ ਤਾਂ ਇਸ ਤੇ ਜ਼ਰੂਰ ਵਿਚਾਰ ਕਰ ਲਿਆ ਜਾਵੇਗਾ।

**ਸ਼੍ਰੀ ਵਿਕਰਮਜੀਤ ਸਿੰਘ ਚੌਧਰੀ:** ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਨੂੰ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਇੱਥੇ ਜਿਹੜੇ ਮੌਜੂਦਾ ਪ੍ਰਿੰਸੀਪਲ ਹਨ, ਜਿੰਨੇ ਵੀ ਫੈਕਲਟੀ ਤੇ ਜਿੰਨੇ ਵੀ ਟੀਚਰਜ਼ ਹਨ, ਉਹ ਸਾਰੇ ਕੰਟਰੈਕਟ ਤੇ ਰੱਖੇ ਗਏ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ ਸਾਡੇ ਸਤਿਕਾਰਯੋਗ ਪ੍ਰਿੰਸੀਪਲ ਮੈਡਮ ਹਨ, ਉਹ ਮਹਿਕਮੇ ਤੋਂ ਪਹਿਲਾਂ ਹੀ ਰਿਟਾਇਰ ਹੋ ਚੁੱਕੇ ਹਨ, ਉਨ੍ਹਾਂ ਨੂੰ re-employ ਕੀਤਾ ਗਿਆ ਹੈ। ਮੈਂ ਪੁੱਛਣਾ ਚਾਹੁੰਦਾ ਹਾਂ

ਕਿ ਇਹ ਯੂਨੀਵਰਸਿਟੀ ਜਿਹੜਾ ਕਾਲਜ ਰਨ ਕਰ ਰਹੀ ਹੈ, ਕੀ ਇਸ ਨੂੰ ਗੌਰਮਿੰਟ absorb ਕਰਕੇ ਤੇ ਇਸ ਨੂੰ ਗੌਰਮਿੰਟ ਕਾਲਜ ਦਾ ਰੂਪ ਦਿੱਤਾ ਜਾਵੇਗਾ? ਇਸ ਵਿੱਚ ਇਲਾਕੇ ਦੇ ਜਿਹੜੇ ਹੋਰ ਬੱਚੇ ਕੋਰਸਿਜ਼ ਕਰਨਾ ਚਾਹੁੰਦੇ ਹਨ, ਜੇ ਤੁਸੀਂ ਇਸ ਕਾਲਜ ਨੂੰ ਅਪਗ੍ਰੇਡ ਕਰੋ ਤਾਂ ਸਾਡੇ ਇਲਾਕੇ ਦੀ ਬਹੁਤ ਵੱਡੀ ਮੰਗ ਪੂਰੀ ਹੋ ਸਕਦੀ ਹੈ।

**ਮਾਨਯੋਗ ਸਪੀਕਰ:** ਇਹ ਸਵਾਲ ਤਾਂ ਵੱਖਰਾ ਬਣਦਾ ਹੈ ਪਰ ਜੇ ਮੰਤਰੀ ਸਾਹਿਬ ਚਾਹੁਣ ਤਾਂ ਉਹ ਜਵਾਬ ਦੇ ਸਕਦੇ ਹਨ।

**ਮੰਤਰੀ:** ਮੇਰੇ ਕੋਲ ਜੋ ਰਿਪੋਰਟ ਹੈ, ਉਸ ਮੁਤਾਬਿਕ ਇਹ ਸਾਲ 2016 ਵਿੱਚ ਸਰਕਾਰੀ ਕਾਲਜ ਖੋਲ੍ਹਿਆ ਗਿਆ ਸੀ, ਉਸ ਤੋਂ ਬਾਅਦ ਯੂਨੀਵਰਸਿਟੀ ਨੂੰ ਦਿੱਤਾ ਗਿਆ ਪਤਾ ਨਹੀਂ ਇਸ ਦੇ ਕੀ ਕਾਰਨ ਰਹੇ ਹੋਣੇ ਹਨ। ਸੋ, ਜੇ ਇਹ ਦੁਬਾਰਾ ਸਰਕਾਰ ਨੂੰ ਦੇਣਾ ਚਾਹੁੰਦੇ ਹਨ ਤਾਂ ਇਸ ਦੀ ਰਿਪੋਰਟ ਮੰਗਵਾ ਲੈਂਦੇ ਹਾਂ ਉਸ ਤੋਂ ਬਾਅਦ ਚੈੱਕ ਕਰਵਾ ਲਵਾਂਗੇ।

-----------------

## ਭਦੌੜ ਦੇ ਪਿੰਡ ਜੰਗੀਆਣਾ ਵਿਖੇ ਫੋਕਲ ਪੁਆਇੰਟ ਬਣਾਉਣ ਦੇ ਵੇਰਵੇ

*326. **ਸਰਦਾਰ ਲਾਭ ਸਿੰਘ ਉਗੋਕੇ:** ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਭਦੌੜ ਦੇ ਪਿੰਡ ਜੰਗੀਆਣਾ ਵਿਖੇ ਫੋਕਲ ਪੁਆਇੰਟ ਬਣਾਉਣ ਲਈ ਜ਼ਮੀਨ ਐਕਵਾਇਰ ਕੀਤੀ ਗਈ ਸੀ, ਜੇਕਰ ਹਾਂ ਤਾਂ ਇੱਥੇ ਹੁਣ ਤੱਕ ਫੋਕਲ ਪੁਆਇੰਟ ਨਾ ਬਣਾਉਣ ਦੇ ਕੀ ਕਾਰਨ ਹਨ?

**ਸਰਦਾਰ ਕੁਲਦੀਪ ਸਿੰਘ ਧਾਲੀਵਾਲ:** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਹਾਂ ਜੀ, ਪਿੰਡ ਜੰਗੀਆਣਾ ਵਿਖੇ ਫੋਕਲ ਪੁਆਇੰਟ ਬਣਿਆ ਹੋਇਆ ਹੈ, ਜਿਸ ਵਿੱਚ ਅਨਾਜ ਮੰਡੀ, ਚਾਰ ਦੁਕਾਨਾਂ, ਸੇਵਾ ਕੇਂਦਰ, ਕਮਿਊਨਿਟੀ ਹਾਲ, ਹਸਪਤਾਲ ਅਤੇ ਪੀਣ ਵਾਲੇ ਪਾਣੀ ਲਈ ਵਾਟਰ ਵਰਕਸ ਉਪਲਬਧ ਹਨ।

**ਸਰਦਾਰ ਲਾਭ ਸਿੰਘ ਉਗੋਕੇ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ 29 ਏਕੜ ਪੈਲੀ ਸੀ ਜਿਸ ਵਿੱਚੋਂ 23 ਏਕੜ ਵਿਰਾਨ ਪਈ ਹੈ। ਉਸ ਤੇ ਗਰਾਊਂਡ ਲਈ ਪੰਜ

ਕਿੱਲੇ ਛੱਡ ਕੇ ਬਾਕੀ ਜ਼ਮੀਨ ਕਦੋਂ ਤੱਕ ਪਿੰਡ ਦੀ ਪੰਚਾਇਤ ਨੂੰ ਵਾਪਸ ਕਰ ਦਿੱਤੀ ਜਾਵੇਗੀ ਤਾਂ ਕਿ ਉੱਥੇ ਵਾਹੀ ਕਰਕੇ ਪਿੰਡ ਨੂੰ ਠੇਕੇ ਦੇ ਰੂਪ ਵਿੱਚ ਆਮਦਨ ਹੋ ਸਕੇ?

ਸ.ਸ.-ਸ਼.ਜ./3:40/30.06.2022

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਲ 1977-78 ਦੌਰਾਨ ਫੋਕਲ ਪੁਆਇੰਟ ਸਕੀਮ ਲਾਗੂ ਕੀਤੀ ਗਈ ਸੀ ਜਿਸ ਦਾ ਮੁੱਢਲਾ ਆਦੇਸ਼ ਲਾਹੇਵੰਦਾ ਰੁਜ਼ਗਾਰ ਪ੍ਰਦਾਨ ਕਰਨਾ ਸੀ, ਸਥਾਨਕ ਸਾਧਨਾਂ ਦਾ ਵਿਕਾਸ ਕਰਨਾ ਅਤੇ ਕਮਜ਼ੋਰ ਵਰਗ ਦੀ ਸ਼ਮੂਲੀਅਤ ਨੂੰ ਵੀ ਯਕੀਨੀ ਬਣਾਉਣਾ ਸੀ। ਰਾਜ ਵਿੱਚ ਕੁੱਲ 600 ਫੋਕਲ ਪੁਆਇੰਟ 6484 ਏਕੜ ਵਿੱਚ ਬਣਾਏ ਗਏ ਹਨ। ਪਿੰਡ ਜੰਗੀਆਣਾ ਵਿੱਚ ਫੋਕਲ ਪੁਆਇੰਟ ਬਣਾਉਣ ਲਈ 29 ਏਕੜ 7 ਮਰਲੇ ਜ਼ਮੀਨ ਐਕੁਆਇਰ ਕੀਤੀ ਗਈ ਸੀ ਜਿਸ ਵਿੱਚੋਂ 39 ਕੈਨਾਲ 7 ਮਰਲੇ ਵਿੱਚ ਅਨਾਜ ਮੰਡੀ ਦਾ ਫੜ੍ਹ ਲੱਗਿਆ ਹੋਇਆ ਹੈ, 8 ਕੈਨਾਲ 9 ਮਰਲੇ ਵਿੱਚ ਵਾਟਰ ਵਰਕਸ, 10 ਮਰਲੇ ਵਿੱਚ ਦੁਕਾਨਾਂ ਜਿਸ ਤੋਂ ਇਲਾਵਾ ਇੱਕ ਕੈਨਾਲ ਵਿੱਚ ਕਮਿਊਨਟੀ ਹਾਲ ਅਤੇ ਇੱਕ ਕੈਨਾਲ ਵਿੱਚ ਹਸਪਤਾਲ ਹੈ। ਇਸ ਤੋਂ ਇਲਾਵਾ 23 ਏਕੜ 3 ਮਰਲੇ ਜਗ੍ਹਾ ਅਣਵਰਤੀ ਪਈ ਹੈ। ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਪੰਚਾਇਤ ਸਾਨੂੰ ਮਤਾ ਪਾ ਕੇ ਦੇ ਦੇਵੇ, ਸਾਡੇ ਮਹਿਕਮੇ ਨੂੰ ਘੱਲੇ ਕਿ ਅਸੀਂ ਇਸ ਪੈਲੀ ਨੂੰ ਵਾਹੀਯੋਗ ਕਰਨਾ ਹੈ ਤਾਂ ਇਸ ਦੀ ਪਰਮਿਸ਼ਨ ਮੈਂਬਰ ਸਾਹਿਬ ਨੂੰ ਦੇ ਦਿੱਤੀ ਜਾਵੇਗੀ।

**ਸਰਦਾਰ ਲਾਭ ਸਿੰਘ ਉਗੋਕੇ:** ਬਹੁਤ-ਬਹੁਤ ਧੰਨਵਾਦ ਮੰਤਰੀ ਸਾਹਿਬ।

------

## ਰਾਜ ਦੀ ਇਲੈਕਟ੍ਰਿਕ ਵਹੀਕਲ ਪਾਲਿਸੀ ਅਤੇ ਰਜਿਸਟਰ ਵਹੀਕਲਾਂ ਦੀ ਗਿਣਤੀ

*150. **ਸ਼੍ਰੀ ਅਵਤਾਰ ਸਿੰਘ ਜੂਨੀਅਰ:** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:

(ੳ) ਕੀ ਰਾਜ ਵਿੱਚ ਕਿਸੇ ਇਲੈਕਟ੍ਰਿਕ ਵਹੀਕਲ ਪਾਲਿਸੀ ਨੂੰ ਮਨਜ਼ੂਰੀ ਦਿੱਤੀ ਗਈ ਹੈ;

(ਅ) ਪੰਜਾਬ ਵਿੱਚ ਸਾਲ 2021-22 ਅਤੇ 2022 ਤੋਂ ਹੁਣ ਤੱਕ ਰਜਿਸਟਰਡ ਕੀਤੇ ਇਲੈਕਟ੍ਰਿਕ ਵਹੀਕਲਾਂ ਦੀ ਗਿਣਤੀ ਕਿੰਨੀ ਹੈ;

(ੲ) ਕੀ ਸਰਕਾਰ ਵੱਲੋਂ ਇਲੈਕਟ੍ਰਿਕ ਵਹੀਕਲ ਖਰੀਦਣ ਤੇ ਕੋਈ ਲਾਭ/ਸਬਸਿਡੀ ਦਿੱਤੀ ਜਾਂਦੀ ਹੈ?

**ਸਰਦਾਰ ਲਾਲਜੀਤ ਸਿੰਘ ਭੁੱਲਰ:**

(ੳ) ਨਹੀਂ, ਸ਼੍ਰੀਮਾਨ ਜੀ।

(ਅ) ਰਾਜ ਵਿੱਚ ਰਜਿਸਟਰਡ ਕੀਤੇ ਇਲੈਕਟ੍ਰਿਕ ਵਹੀਕਲਾਂ ਦੀ ਕੁੱਲ ਗਿਣਤੀ ਹੇਠ ਅਨੁਸਾਰ ਹੈ:-

| ਸਮਾਂ | ਰਜਿਸਟਰਡ ਕੀਤੇ ਇਲੈਕਟ੍ਰਿਕ ਵਹੀਕਲਾਂ ਦੀ ਗਿਣਤੀ |
|---|---|
| 01.04.2021 ਤੋਂ 31.03.2022 | 6421 |
| 01.04.2022 ਤੋਂ ਹੁਣ ਤੱਕ | 1870 |
| **ਕੁੱਲ ਗਿਣਤੀ** | **8291** |

(ੲ) ਨਹੀਂ ਜੀ।

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਸਪੀਕਰ ਸਾਹਿਬ, ਤੁਹਾਡੀ ਮਾਰਫਤ ਮੈਂ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਹਰ ਇੱਕ ਮੈਂਬਰ ਜਿਹੜਾ ਇਸ ਹਾਊਸ ਵਿੱਚ ਹੈ, ਉਸ ਨੇ ਪਾਣੀ ਬਾਰੇ, ਹਵਾ ਬਾਰੇ ਤੇ ਆਪਣੀ ਜ਼ਰਖੇਜ਼ ਜ਼ਮੀਨ ਬਾਰੇ ਚਿੰਤਾ ਦਰਜ ਕੀਤੀ ਹੈ। ਜਦੋਂ ਇਲੈਕਟ੍ਰਿਕ ਵਹੀਕਲ ਦੀ ਗੱਲ ਆਉਂਦੀ ਹੈ ਤਾਂ ਅਸੀਂ ਜੌਬ ਕਰੀਏਸ਼ਨ ਵੀ ਕਰ ਸਕਦੇ ਹਾਂ ਤੇ ਆਪਣੇ ਵਾਤਾਵਰਨ ਨੂੰ ਬਿਹਤਰ ਵੀ ਕਰ ਸਕਦੇ ਹਾਂ। ਲੇਕਿਨ ਬੜੇ ਅਫਸੋਸ ਵਾਲੀ ਗੱਲ ਹੈ ਕਿ ਹਾਲੇ ਤੱਕ ਟਰਾਂਸਪੋਰਟ ਡਿਪਾਰਟਮੈਂਟ ਨੇ ਉਸ ਦੀ ਪਾਲਿਸੀ ਵੀ ਨਹੀਂ ਬਣਾਈ। ਪਹਿਲਾਂ ਤਾਂ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਟਰਾਂਸਪੋਰਟ ਮੰਤਰੀ ਸਾਹਿਬ ਹਾਊਸ ਨੂੰ ਦੱਸ ਸਕਦੇ ਹਨ ਕਿ ਇਹ ਪਾਲਿਸੀ ਕਦੋਂ ਤੱਕ ਬਣ ਜਾਵੇਗੀ?

ਦੂਜਾ, ਇੱਕ ਸਾਲ ਦੇ ਸਮੇਂ ਵਿੱਚ ਲਗਭੱਗ 6421 ਇਲੈਕਟ੍ਰਿਕ ਵਹੀਕਲਜ਼ ਪੰਜਾਬ ਵਿੱਚ ਰਜਿਸਟਰ ਹੋਏ ਹਨ। ਹਿੰਦੁਸਤਾਨ ਵਿੱਚ 3,24,840 ਇਲੈਕਟ੍ਰਿਕ ਵਹੀਕਲ ਉਸ ਸਮੇਂ ਵਿੱਚ ਰਜਿਸਟਰ ਹੋਏ ਹਨ। ਉਸ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਪੰਜਾਬ ਸਭ ਤੋਂ ਅੱਗੇ ਹੁੰਦਾ ਹੋਇਆ, ਅੱਜ ਸਭ ਤੋਂ ਪਿੱਛੇ ਹੋ ਗਿਆ। ਜਦੋਂ ਸਾਰੇ ਹਿੰਦੁਸਤਾਨ ਦੀ ਪਾਲਿਸੀ ਬਣ ਜਾਂਦੀ ਹੈ ਫਿਰ ਅਸੀਂ ਕੱਟ ਐਂਡ ਪੇਸਟ ਕਰਦੇ ਹਾਂ। ਅਸੀਂ ਇਸ ਵਿੱਚ ਨਾ ਕੋਈ ਸਬਸਿਡੀ ਦਿੰਦੇ ਹਾਂ। ਅੱਜ ਰਜਿਸਟਰੇਸ਼ਨ ਫੀਸ ਸਾਡੀ ਇਲੈਕਟ੍ਰਿਕ ਵਹੀਕਲ ਤੇ ਲੱਗਦੀ ਹੈ। ਅਸੀਂ ਕੋਈ ਵੀ ਸਬਸਿਡੀ ਨਹੀਂ ਦਿੰਦੇ even Union Territory, Chandigarh ਵਿੱਚ ਕੋਈ ਵੀ ਰਜਿਸਟਰੇਸ਼ਨ ਫੀਸ ਇਲੈਕਟ੍ਰਿਕ ਵਹੀਕਲ ਤੇ ਨਹੀਂ ਹੈ। ਗੁਜਰਾਤ ਸਬਸਿਡੀ ਦਿੰਦਾ ਹੈ, ਮਹਾਰਾਸ਼ਟਰ ਡੇਢ

ਲੱਖ ਰੁਪਿਆ ਸਬਸਿਡੀ ਵਾਪਸ ਦਿੰਦਾ ਹੈ। ਕੀ ਕੋਈ ਟਰਾਂਸਪੋਰਟ ਮੰਤਰੀ ਸਾਹਿਬ ਦੇ ਜ਼ਿਹਨ ਵਿੱਚ ਇਹ ਤਜਵੀਜ਼ ਹੈ ਜਾਂ ਨਹੀਂ?

**ਮਾਨਯੋਗ ਸਪੀਕਰ:** ਕੀ ਇਲੈਕਟ੍ਰਿਕ ਵਹੀਕਲ ਤੇ ਕੋਈ ਸਬਸਿਡੀ ਦਾ ਵਿਚਾਰ ਸਰਕਾਰ ਰੱਖਦੀ ਹੈ?

**ਮੰਤਰੀ:** ਮਾਨਯੋਗ ਸਪੀਕਰ ਸਾਹਿਬ, ਇਲੈਕਟ੍ਰਿਕ ਵਹੀਕਲ ਪਾਲਿਸੀ ਸਰਕਾਰ ਦੇ ਵਿਚਾਰ ਅਧੀਨ ਹੈ, ਜੋ ਕਿ ਅਜੇ ਲਾਗੂ ਨਹੀਂ ਹੋਈ। ਡਰਾਫਟ ਇਲੈਕਟ੍ਰਿਕ ਵਹੀਕਲ ਪਾਲਿਸੀ ਤਿਆਰ ਹੋ ਚੁੱਕੀ ਹੈ, ਜੋ ਕਿ ਸਮੂਹ ਵਿਭਾਗਾਂ ਨੂੰ ਟਿੱਪਣੀ ਲਈ ਭੇਜੀ ਜਾ ਰਹੀ ਹੈ। ਰਾਜ ਵਿੱਚ ਰਜਿਸਟਰ ਵਹੀਕਲਾਂ ਦੀ ਗਿਣਤੀ ਤਾਂ ਪਹਿਲਾਂ ਦੱਸ ਦਿੱਤੀ ਹੈ। ਬਾਕੀ ਸਰਕਾਰ ਨੂੰ ਇਲੈਕਟ੍ਰਿਕ ਵਹੀਕਲ ਤੇ ਲਾਭ, ਸਬਸਿਡੀ ਅਤੇ ਕਿਸੇ ਹੋਰ ਤਰ੍ਹਾਂ ਦੀ ਟੈਕਸ ਵਿੱਚ ਰਿਆਇਤ ਇਲੈਕਟ੍ਰਿਕ ਵਹੀਕਲ ਪਾਲਿਸੀ ਦੀ ਮੰਤਰੀ ਮੰਡਲ ਦੀ ਪ੍ਰਵਾਨਗੀ ਉਪਰੰਤ ਦਿੱਤੀ ਜਾਵੇਗੀ।

ਬਾਕੀ ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਪਿੱਛੇ ਸਰਕਾਰ ਇਨ੍ਹਾਂ ਦੀ ਰਹੀ ਹੈ, ਉਸ ਵਿੱਚ ਪੰਜ ਸਾਲ ਇਨ੍ਹਾਂ ਨੇ ਕਿਉਂ ਨਹੀਂ ਇਹ ਸਵਾਲ ਚੁੱਕੇ ਅਤੇ ਇਨ੍ਹਾਂ ਨੇ ਕਿਉਂ ਨਹੀਂ ਇਲੈਕਟ੍ਰਿਕ ਵਹੀਕਲ ਨੂੰ ਸਬਸਿਡੀ ਦਿੱਤੀ ਕਿਉਂਕਿ ਖੁਦ ਇਨ੍ਹਾਂ ਦੀ ਸਰਕਾਰ ਸੀ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਅੱਜ ਤਿੰਨ ਮਹੀਨਿਆਂ ਵਿੱਚ ਸਾਰਾ ਕੁਝ ਹੀ ਕਹੀ ਜਾਂਦੇ ਹਨ ਕਿ ਤਿੰਨ ਲੱਖ ਪੰਜਾਬ ਵਿੱਚ ਇਲੈਕਟ੍ਰਿਕ ਵਹੀਕਲ ਹੋ ਜਾਵੇ। ਅਸੀਂ ਕਰਾਂਗੇ, ਅਸੀਂ ਪੂਰੀ ਵਾਹ ਲਾਵਾਂਗੇ, ਮਾਨਯੋਗ ਸਰਦਾਰ ਭਗਵੰਤ ਸਿੰਘ ਜੀ ਮਾਨ ਵਾਤਾਵਰਨ ਨੂੰ ਬਚਾਉਣ ਲਈ ਤਤਪਰ ਹਨ ਤੇ ਵਾਤਾਵਰਨ ਨੂੰ ਠੀਕ ਕਰਕੇ ਦਮ ਲਵਾਂਗੇ।

**ਮਾਨਯੋਗ ਸਪੀਕਰ:** ਧੰਨਵਾਦ ਜੀ, ਅਸੀਂ ਜਲਦੀ ਕਰ ਦੇਵਾਂਗੇ।

ਗ.ਕੌ./ਸ.ਜ/3.45/30.06.2022

**ਸਰਦਾਰ ਅਵਤਾਰ ਸਿੰਘ ਜੂਨੀਅਰ:** ਸਪੀਕਰ ਸਾਹਿਬ, ਮੇਰੀ ਇੱਕ ਬੇਨਤੀ ਹੈ ਕਿ ਜਿਹੜਾ ਸਵਾਲ ਪੁੱਛਿਆ ਜਾਵੇ ਮੰਤਰੀ ਜੀ ਉਸ ਦਾ ਜਵਾਬ ਜ਼ਰੂਰ ਦੇ ਦੇਣ। ਮਾਰੂਤੀ ਨੇ ਹਰਿਆਣੇ ਵਿੱਚ ਇੱਕ ਨਵਾਂ ਪਲਾਂਟ ਲਗਾਇਆ ਹੈ। ਜਿਸ ਵਿੱਚ ਲਗਭਗ 18 ਹਜਾਰ ਕਰੋੜ ਰੁਪਏ ਦੀ ਇਨਵੈਸਟਮੈਂਟ ਹੈ। ਉਸ ਵਿੱਚ ਲਗਭਗ 11 ਹਜਾਰ ਲੋਕਾਂ ਨੂੰ ਰੋਜ਼ਗਾਰ ਮਿਲਣਾ ਹੈ। ਜਦੋਂ ਤੱਕ ਅਸੀਂ ਪਾਲਿਸੀ ਨਹੀਂ ਬਣਾਵਾਂਗੇ ਉਦੋਂ ਤੱਕ ਇੱਥੇ ਨਵਾਂ ਪਲਾਂਟ ਕਿਵੇਂ ਲੱਗੇਗਾ।

**ਮਾਨਯੋਗ ਸਪੀਕਰ:** ਮੰਤਰੀ ਸਾਹਿਬ ਨੇ ਕਹਿ ਦਿੱਤਾ ਹੈ ਕਿ ਪਾਲਿਸੀ ਬਣਾ ਰਹੇ ਹਾਂ।

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਸਰ, ਮੈਂ ਸਵਾਲ ਤਾਂ ਪੁੱਛ ਲਵਾਂ। ਇਸ ਅਜ਼ੀਮ ਸਦਨ ਵਿੱਚ ਲਛਮਣ ਸਿੰਘ ਗਿੱਲ ਮੁੱਖ ਮੰਤਰੀ ਰਹੇ ਹਨ। ਉਨ੍ਹਾਂ ਨੇ 9 ਮਹੀਨਿਆਂ ਵਿੱਚ ਆਪਣੀਆਂ ਸਾਰੀਆਂ ਰੂਰਲ ਰੋਡਜ਼ ਬਣਾਈਆਂ ਸਨ। ਹੁਣ ਤੱਕ ਤਿੰਨ ਮਹੀਨੇ ਲੰਘ ਚੁੱਕੇ ਹਨ। ਪੁਰਾਣੀਆਂ ਸਰਕਾਰਾਂ ਨੇ ਕੋਈ ਕੰਮ ਨਹੀਂ ਕੀਤਾ ਅਸੀਂ ਇਸ ਚੀਜ਼ ਨਾਲ ਤਸਦੀਕ ਕਰਦੇ ਹਾਂ। ਹੁਣ ਇਹ ਕੰਮ ਕਰ ਦੇਣ। ਮੇਰੀ ਵਜ਼ੀਰ ਸਾਹਿਬ ਨੂੰ ਹੱਥ ਜੋੜ ਕੇ ਬੇਨਤੀ ਹੈ ਕਿ ਕਿੰਨੇ ਸਮੇਂ ਵਿੱਚ ਇਹ ਪਾਲਿਸੀ ਬਣਾ ਦੇਣਗੇ। ਸਪੀਕਰ ਸਾਹਿਬ, ਤੁਸੀਂ ਸਪੀਕਰ ਹੋ ਜਾਂ ਫਿਰ ਉਹ ਸਪੀਕਰ ਹਨ (ਆਮ ਆਦਮੀ ਪਾਰਟੀ ਵੱਲ ਇਸ਼ਾਰਾ) ਵਜ਼ੀਰ ਸਾਹਿਬ ਨੇ ਮੈਨੂੰ ਸਵਾਲ ਕੀਤਾ ਕਿ ਪਿਛਲੀ ਵਾਰੀ ਤੁਸੀਂ ਇਹ ਸਵਾਲ ਪੁੱਛਿਆ ਸੀ। 15ਵੀਂ ਵਿਧਾਨ ਸਭਾ ਵਿੱਚ ਵੀ ਮੈਂ ਇਹ ਸਵਾਲ ਪੁੱਛਿਆ ਸੀ। ਇਨ੍ਹਾਂ ਨੂੰ ਕਹੋ ਕਿ ਉਹ ਚੈੱਕ ਕਰ ਲੈਣ।

**ਮਾਨਯੋਗ ਸਪੀਕਰ:** ਮੰਤਰੀ ਜੀ, ਕਿੰਨੀ ਦੇਰ ਤੱਕ ਪਾਲਿਸੀ ਬਣਾ ਦੇਵੋਗੇ?

**ਮੰਤਰੀ:** ਇਹ ਪਾਲਿਸੀ ਜਲਦ ਬਣਾ ਦਿੱਤੀ ਜਾਵੇਗੀ।

**ਮਾਨਯੋਗ ਸਪੀਕਰ:** ਇਸ ਨੂੰ ਸਮਾਂਬੱਧ ਕਰ ਸਕਦੇ ਹੋ?

**ਮੰਤਰੀ:** ਜਲਦੀ ਕਰ ਦੇਵਾਂਗੇ ਜੀ।

**Mr. Speaker:** Thank you.

----------------

## ਨੂਰਦੀ ਅੱਡਾ ਤਰਨਤਾਰਨ ਤੋਂ ਸਬਾਜਪੁਰ ਨੂੰ ਜਾਂਦੀ ਸੜਕ ਬਣਾਉਣਾ

*232. **ਸਰਦਾਰ ਮਨਜਿੰਦਰ ਸਿੰਘ ਲਾਲਪੁਰਾ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਨੂਰਦੀ ਅੱਡਾ ਤਰਨਤਾਰਨ ਤੋਂ ਸਬਾਜਪੁਰ ਨੂੰ ਜਾਂਦੀ ਸੜਕ ਦੀ ਹਾਲਤ ਬਹੁਤ ਖਰਾਬ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਨੂੰ ਕਦੋਂ ਤੱਕ ਮੁਰੰਮਤ ਕਰਵਾ ਦਿੱਤੀ ਜਾਵੇਗੀ?

**ਸਰਦਾਰ ਹਰਭਜਨ ਸਿੰਘ:** ਹਾਂ ਜੀ, ਇਸ ਸੜਕ ਦਾ ਪੂਰਾ ਨਾਮ ਤਰਨ ਤਾਰਨ ਮਾਨੋਚਾਹਲ ਸ਼ਾਹਬਾਜਪੁਰ ਦਿਆਲਪੁਰ ਰੋਡ ਹੈ। ਇਸ ਦੀ ਲੰਬਾਈ 23.71 ਕਿਲੋਮੀਟਰ ਹੈ ਅਤੇ ਇਸ ਦੀ ਆਖਰੀ ਰਿਪੇਅਰ ਸਾਲ 2015 ਵਿੱਚ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਅਧੀਨ ਕੀਤੀ ਗਈ ਸੀ ਅਤੇ ਹੁਣ ਇਹ ਸੜਕ ਰਿਪੇਅਰ ਲਈ ਡਿਊ ਹੈ। ਇਸ ਸੜਕ ਨੂੰ ਰਿਪੇਅਰ ਕਰਨ ਲਈ Specll Assistance to State for capital

investment for the year 2022^23 ਸਕੀਮ ਅਧੀਨ 20.00 ਕਰੋੜ ਰੁਪਏ ਦੀ ਲਾਗਤ ਨਾਲ ਤਜਵੀਜ਼ ਕੀਤਾ ਗਿਆ ਹੈ। ਇਸ ਮੰਤਵ ਲਈ ਵਿੱਤ ਵਿਭਾਗ ਵੱਲੋਂ ਪ੍ਰਵਾਨਗੀ ਮਿਲਣ ਉਪਰੰਤ ਇਸ ਸੜਕ ਦਾ ਕੰਮ ਸ਼ੁਰੂ ਕਰਵਾ ਦਿੱਤਾ ਜਾਵੇਗਾ।

**ਸਰਦਾਰ ਮਨਜਿੰਦਰ ਸਿੰਘ ਲਾਲਪੁਰਾ:** ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਜ਼ਿਲ੍ਹਾ ਨੇ ਕਿਹਾ ਕਿ 20 ਕਰੋੜ ਰੁਪਏ ਦੀ ਲਾਗਤ ਨਾਲ ਤਜਵੀਜ਼ ਕੀਤਾ ਗਿਆ ਹੈ। ਤੁਹਾਡੇ ਮਾਧਿਅਮ ਰਾਹੀਂ ਮੈਂ ਵਿੱਤ ਮੰਤਰੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਜਲਦ ਤੋਂ ਜਲਦ 20 ਕਰੋੜ ਰੁਪਿਆ ਦੇਣ ਕਿਉਂਕਿ ਇਸ ਸੜਕ ਨਾਲ ਉੱਧਰ ਰਹਿਣ ਵਾਲੇ ਲੋਕਾਂ ਨੂੰ ਪਿਛਲੀ ਸਰਕਾਰ ਵੇਲੇ ਬੇਰੁਖੀ ਦਾ ਸਾਹਮਣਾ ਕਰਨਾ ਪਿਆ ਹੈ ਅਤੇ ਲਾਗਤਾਰ ਚਾਰ ਸਾਲ ਉਸ ਟੁੱਟੀ ਸੜਕ ਵਿੱਚੋਂ ਲੰਘਣਾ ਪਿਆ ਹੈ। ਉਸ ਸੜਕ ਦਾ ਹੁਣ ਇੰਨਾ ਮਾੜਾ ਹਾਲ ਹੈ ਕਿ ਉਸ ਵਿੱਚ ਹੁਣ ਝੋਨਾ ਵੀ ਲਾਇਆ ਜਾ ਸਕਦਾ ਹੈ। ਕਿਰਪਾ ਕਰਕੇ ਮੰਤਰੀ ਸਾਹਿਬ ਇਹ ਦੱਸ ਦੇਣ ਕਿ ਇਹ ਸੜਕ ਕਦੋਂ ਤੱਕ ਬਣਾ ਦਿੱਤੀ ਜਾਵੇਗੀ।

**ਮਾਨਯੋਗ ਸਪੀਕਰ:** ਮੰਤਰੀ ਜੀ, ਕੀ ਇਸ ਨੂੰ ਟਾਈਮ ਬਾਊਂਡ ਕਰੋਗੇ?

**ਮੰਤਰੀ:** ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਕਿਹਾ ਹੈ ਕਿ ਜਦੋਂ ਵੀ ਵਿੱਤ ਵਿਭਾਗ ਦੀ ਪ੍ਰਵਾਨਗੀ ਮਿਲ ਜਾਂਦੀ ਹੈ ਤਾਂ ਇਸ ਰੋਡ ਦਾ ਕੰਮ ਸ਼ੁਰੂ ਕਰਵਾ ਦੇਵਾਂਗੇ।

--------------

## ਹਲਕਾ ਸਨੌਰ ਵਿਖੇ ਸਟੇਡੀਅਮ ਬਣਾਉਣਾ

*218. **ਸਰਦਾਰ ਹਰਮੀਤ ਸਿੰਘ ਪਠਾਨ ਮਾਜਰਾ:** ਕੀ ਖੇਡ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਹਲਕਾ ਸਨੌਰ ਵਿਖੇ ਮੌਜੂਦਾ ਸਮੇਂ ਕਿੱਥੇ-ਕਿੱਥੇ ਤੇ ਕੁੱਲ ਕਿੰਨੇ ਸਟੇਡੀਅਮ ਹਨ ਅਤੇ ਕੀ ਉਨ੍ਹਾਂ ਵਿੱਚ ਲੋੜੀਂਦਾ ਇੰਫਰਾਸਟਰੱਕਚਰ ਮੌਜੂਦ ਹੈ; ਜੇਕਰ ਨਹੀਂ ਤਾਂ ਸਰਕਾਰ ਇਸ ਨੂੰ ਪੂਰਾ ਕਰਨ ਲਈ ਕੀ ਉਪਰਾਲੇ ਕਰ ਰਹੀ ਹੈ।

(ਅ) ਸਰਦਾਰ ਹਲਕਾ ਸਨੌਰ ਵਿਖੇ ਖੇਡਾਂ ਵਾਸਤੇ ਹੋਰ ਕਿਹੜੇ ਕਿਹੜੇ ਪਿੰਡਾਂ/ਕਸਬਿਆਂ ਵਿੱਚ ਸਟੇਡੀਅਮ ਬਣਾਉਣ ਵਿਚਾਰ ਰੱਖਦੀ ਹੈ?

**ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ:** ਸ਼੍ਰੀਮਾਨ ਜੀ, (ੳ) ਹਲਕਾ ਸਨੌਰ ਵਿਖੇ ਹੇਠ ਲਿਖੇ 2 ਸਟੇਡੀਅਮ ਮੌਜੂਦ ਹਨ:

1. ਸ਼ਹੀਦ ਊਧਮ ਸਿੰਘ ਖੇਡ ਸਟੇਡੀਅਮ, ਸਨੌਰ, ਜਿਸ ਵਿੱਚ ਫੁੱਟਬਾਲ ਗਰਾਊਂਡ, 4000 ਮੀਟਰ ਐਥਲੈਟਿਕਸ ਟਰੈਕ, ਵਾਲੀਬਾਲ ਗਰਾਊਂਡ, ਬਾਸਕਟਬਾਲ ਗਰਾਊਂਡ, ਹੈਂਡਬਾਲ ਗਰਾਊਂਡ ਅਤੇ ਬਾਕਸਿੰਗ ਗਰਾਊਂਡ ਉਪਲਬਧ ਹਨ।

2. ਸ਼ਹੀਦ ਭਗਤ ਸਿੰਘ ਖੇਡ ਸਟੇਡੀਅਮ, ਭੁਨਰਹੇੜੀ, ਜਿਸ ਵਿੱਚ ਹੈਂਡਬਾਲ ਗਰਾਊਂਡ, ਫੁੱਟਬਾਲ ਗਰਾਊਂਡ, ਵਾਲੀਬਾਲ ਗਰਾਊਂਡ ਅਤੇ 200 ਮੀਟਰ ਐਥਲੈਟਿਕਸ ਟਰੈਕ ਮੌਜੂਦ ਹੈ।

(ਅ) ਹਲਕਾ ਸਨੌਰ ਦੇ ਪਿੰਡ ਜੋਗੀਪੁਰ ਵਿਖੇ ਪਲੇਅ ਗਰਾਊਂਡ ਨਿਰਮਾਣ ਅਧੀਨ ਹੈ ਅਤੇ ਪਿੰਡ ਬੋਸਰ ਕਲਾਂ, ਹਸਨਪੁਰ ਪਰੋਤਾ, ਨਨਾਨਸੂ, ਰਾਠਿਆਂ, ਨੈਣ ਕਲਾਂ ਅਤੇ ਖਰਬਗੜ੍ਹ ਵਿਖੇ ਮਨਰੇਗਾ ਸਕੀਮ ਤਹਿਤ ਪਲੇਅ ਗਰਾਊਂਡ ਤਿਆਰ ਕੀਤੇ ਗਏ ਹਨ।

**ਸਰਦਾਰ ਹਰਮੀਤ ਸਿੰਘ ਪਠਾਨ ਮਾਜਰਾ:** ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਕਿਸੇ ਦਿਨ ਟਾਈਮ ਕੱਢੋ। ਜਿਹੜੇ ਜਿਹੜੇ ਪਿੰਡ ਤੁਸੀਂ ਬੋਲੇ ਹੋ ਜੇਕਰ ਇਨ੍ਹਾਂ ਪਿੰਡਾਂ ਵਿੱਚ ਕੋਈ ਵੀ ਮੁਕੰਮਲ ਜਾਂ ਚੰਗਾ ਸਟੇਡੀਅਮ ਹੋਵੇ ਤਾਂ ਮੈਂ ਆਪਣਾ ਸਵਾਲ ਵਾਪਸ ਲੈ ਲਵਾਂਗਾ। ਇਹ ਸਾਰਾ ਕੁਝ ਗੱਲਾਂ ਬਾਤਾਂ ਵਿੱਚ ਹੀ ਹੈ। ਸਾਰੇ ਗਰਾਊਂਡ ਅਧੂਰੇ ਹਨ। 264 ਪੰਚਾਇਤਾਂ ਅਤੇ ਮੇਰਾ ਹਲਕਾ ਬਹੁਤ ਵੱਡਾ ਹੈ। ਇੱਥੇ ਨਸ਼ਿਆਂ ਨੂੰ ਤਾਂ ਹੀ ਠੱਲ੍ਹ ਪਾਈ ਜਾ ਸਕਦੀ ਹੈ, ਜੇ ਆਪਾਂ ਵੱਧ ਤੋਂ ਵੱਧ ਗਰਾਊਂਡ ਬਣਾਵਾਂਗੇ।

ਕੁ.ਕ/ਹ.ਸ.ਟ/3.50/30.06.2022

**ਮਾਨਯੋਗ ਸਪੀਕਰ:** ਮੰਤਰੀ ਜੀ, ਕਦੋਂ ਵਿਜ਼ਿਟ ਕਰ ਰਹੇ ਹੋ?

**ਮੰਤਰੀ:** ਸਰ, ਮੈਂ ਬੜੀ ਜਲਦੀ ਟਾਈਮ ਵੀ ਕੱਢ ਲਵਾਂਗਾ। ਇਨ੍ਹਾਂ ਦੇ ਹਲਕੇ ਵਿੱਚ ਵੀ ਜਾ ਆਵਾਂਗਾ, ਗਰਾਊਂਡ ਵੀ ਦੇਖ ਆਵਾਂਗੇ, ਜਿਹੜੇ ਠੀਕ ਕਰਨ ਵਾਲੇ ਹੋਏ, ਠੀਕ ਵੀ ਕਰਵਾ ਦੇਵਾਂਗੇ।

**ਮਾਨਯੋਗ ਸਪੀਕਰ:** (ਹੱਸਦੇ ਹੋਏ) ਇਹ ਸੇਵਾ ਵੀ ਬਹੁਤ ਕਰਦੇ ਹਨ।

-----

**ਨਿਸ਼ਾਨ ਵਾਲਾ ਪ੍ਰਸ਼ਨ ਨੰ. 75**

**ਮਾਨਯੋਗ ਸਪੀਕਰ :** ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਉ ਕਰ ਦਿੱਤੀ ਹੈ।

-------

**ਪੰਜਾਬ ਦੀਆਂ ਗਰਾਮ ਪੰਚਾਇਤਾਂ ਦੇ ਚੁਣੇ ਹੋਏ ਸਰਪੰਚਾਂ ਨੂੰ ਪ੍ਰਸ਼ਾਸਕ ਨਿਯੁਕਤ ਕਰਨਾ**

*91. **ਸ਼੍ਰੀਮਤੀ ਅਰੁਨਾ ਚੌਧਰੀ:** ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਪੰਜਾਬ ਵਿੱਚ ਜ਼ਿਲ੍ਹਾਵਾਰ ਅਜਿਹੀਆਂ ਕਿੰਨੀਆਂ ਗਰਾਮ ਪੰਚਾਇਤਾਂ ਹਨ ਅਤੇ ਅਜਿਹੀਆਂ ਗਰਾਮ ਪੰਚਾਇਤਾਂ ਦੇ ਵੇਰਵੇ ਕੀ ਹਨ, ਜ਼ਿਲ੍ਹਾ ਦੇ ਚੁਣੇ ਹੋਏ ਸਰਪੰਚ ਹੋਣ ਦੇ ਬਾਵਜੂਦ ਸਰਕਾਰ ਨੇ ਮੌਜੂਦਾ ਸਮੇਂ ਤੋਂ ਪ੍ਰਸ਼ਾਸਕ ਨਿਯੁਕਤ ਕੀਤੇ ਹਨ,

(ਅ) ਉਪਰੋਕਤ ਵਰਣਿਤ ਪ੍ਰਸ਼ਾਸਕ ਕਿਹੜੇ ਨਿਯਮਾਂ/ਉਪਬੰਧਾਂ ਅਧੀਨ ਨਿਯੁਕਤ ਕੀਤੇ ਗਏ ਹਨ?

**ਸਰਦਾਰ ਕੁਲਦੀਪ ਸਿੰਘ ਧਾਲੀਵਾਲ:** (ੳ) ਪੰਜਾਬ ਵਿੱਚ ਜ਼ਿਲ੍ਹਾਵਾਰ ਕੁੱਲ 188 ਪੰਚਾਇਤਾਂ ਹਨ, ਜ਼ਿਲ੍ਹਾ ਵਿੱਚ ਪ੍ਰਸ਼ਾਸਕ ਨਿਯੁਕਤ ਕੀਤੇ ਹਨ। ਗਰਾਮ ਪੰਚਾਇਤਾਂ ਦਾ ਵੇਰਵਾ ਅਨੈਕਸਚਰ A ਤੇ ਰੱਖਿਆ ਗਿਆ ਹੈ।

(ਅ) ਪੰਜਾਬ ਪੰਚਾਇਤੀ ਰਾਜ ਐਕਟ 1994 ਦੀ ਧਾਰਾ 200 (1) ਤਹਿਤ ਨਿਯਮਾਂ/ਉਪਬੰਧਾਂ ਅਧੀਨ ਪ੍ਰਸ਼ਾਸਕ ਨਿਯੁਕਤ ਕੀਤੇ ਹਨ।

**ਸ਼੍ਰੀਮਤੀ ਅਰੁਨਾ ਚੌਧਰੀ:** ਸਰ, ਮੈਂ ਤੁਹਾਡੇ ਰਾਹੀਂ ਬੜੇ ਸਤਿਕਾਰਯੋਗ ਮੰਤਰੀ ਜੀ ਨੂੰ ਕਹਿਣਾ ਚਾਹੁੰਦੀ ਹਾਂ ਕਿ Double Bench of the Hon'ble High Court of Punjab & Haryana ਦੇ ਜਸਟਿਸ ਸੂਰਯ ਕਾਂਤ ਜੀ ਔਰ ਜਸਟਿਸ ਜਸਪਾਲ ਸਿੰਘ ਜੀ ਨੇ LPA No. 1505 of 2014, ਜਿਸ ਦਾ ਫੈਸਲਾ 3 ਸਤੰਬਰ, 2015 ਵਿੱਚ ਆਇਆ ਸੀ, ਜਿਸ ਦੀ ਇੱਕ ਕਾਪੀ ਮੇਰੇ ਕੋਲ ਹੈ। ਜੇ ਤੁਹਾਡੀ ਇਜਾਜ਼ਤ ਹੋਵੇ ਤਾਂ ਮੈਂ ਇਸ ਨੂੰ ਪੜ੍ਹ ਦਿੰਦੀ ਹਾਂ:

> "We have no reason to doubt that the Respondents Nos 4 and 6 will also realize the importance of Institution of an elected Gram Panchayat which is a symbol of democracy at the grassroot level, shall continue to extend their full support for the development activities of the village."

ਸਰ, ਮੇਰੀ knowledge ਦੇ ਮੁਤਾਬਕ ਇਸ ਤੋਂ ਬਾਅਦ ਪੰਚਾਇਤੀ ਰਾਜ ਐਕਟ ਨੂੰ over- rule ਕਰਨ ਵਾਸਤੇ ਕੋਈ ਵੀ amendment ਨਹੀਂ ਹੋਈ। ਸੋ, ਮੰਤਰੀ ਜੀ ਨੇ ਮੈਨੂੰ 188 ਪੰਚਾਇਤਾਂ ਦਾ ਵੇਰਵਾ ਦਿੱਤਾ ਹੈ ਜਿਸ ਦੇ ਵਿੱਚ administrators ਲੱਗੇ ਹਨ। ਸੋ, ਇਹ ਕਿਸ ਕਾਨੂੰਨ ਦੇ ਅੰਦਰ ਲੱਗੇ ਹਨ ਔਰ ਕੀ ਇਹ contempt of Court ਨਹੀਂ ਹੈ?

**ਮੰਤਰੀ:** ਮਾਨਯੋਗ ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਜੀ ਨੂੰ ਦੱਸਣਾ ਚਾਹੁੰਦਾ ਹਾਂ ਜਿਹੜਾ ਇਨ੍ਹਾਂ ਨੇ ਸਵਾਲ ਕੀਤਾ ਸੀ ਕਿ ਪੰਜਾਬ ਵਿੱਚ ਜ਼ਿਲ੍ਹਾਵਾਰ ਕੁੱਲ ਕਿੰਨੀਆਂ ਪੰਚਾਇਤਾਂ ਹਨ ਜ਼ਿਲ੍ਹਾ ਵਿੱਚ ਪ੍ਰਸ਼ਾਸਕ ਨਿਯੁਕਤ ਹੋਏ ਹਨ। ਇਨ੍ਹਾਂ ਨੂੰ ਲਿਖਤੀ ਜਵਾਬ ਵੀ ਭੇਜਿਆ ਹੈ। ਮੈਂ ਮੈਂਬਰ ਸਾਹਿਬਾਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ ਪ੍ਰਬੰਧਕ ਅਸੀਂ ਜਾਂ ਪਿਛਲੀਆਂ ਸਰਕਾਰਾਂ ਨੇ ਵੀ ਲਗਾਏ ਹਨ, ਉਹ ਸਾਰੇ ਪੰਚਾਇਤੀ ਰਾਜ ਐਕਟ ਦੇ ਅਨੁਸਾਰ ਲਗਾਏ ਜਾਂਦੇ ਹਨ। ਮਾਨਯੋਗ ਮੈਂਬਰ ਸਾਹਿਬਾਨ ਕੋਲ ਜਿਹੜੀ ਜੱਜਮੈਂਟ ਹੈ, ਇਹ ਮੈਨੂੰ ਉਹ ਦਿਖਾ ਦੇਣ। ਅਸੀਂ ਜਿੱਥੇ ਵੀ ਕਿਤੇ ਪ੍ਰਬੰਧਕ ਲਗਾਉਂਦੇ ਹਨ, ਉਹ ਪੰਚਾਇਤੀ ਰਾਜ ਦੇ ਐਕਟ ਅਨੁਸਾਰ ਹੀ ਲਗਾਏ ਜਾਂਦੇ ਹਨ। ਕਿਸੇ ਹੋਰ ਤਰੀਕੇ ਨਾਲ ਪ੍ਰਬੰਧਕ ਲਗਾਉਣ ਦਾ ਸਾਨੂੰ ਕੋਈ ਵੀ ਅਖਤਿਆਰ ਨਹੀਂ ਹੈ।

**ਸ਼੍ਰੀਮਤੀ ਅਰੁਨਾ ਚੌਧਰੀ:** ਸਰ, ਸ਼ਾਇਦ ਇਨ੍ਹਾਂ ਦੇ ਧਿਆਨ ਵਿੱਚ ਨਾ ਹੋਵੇ ਮੈਂ ਇਨ੍ਹਾਂ ਦੇ ਧਿਆਨ ਵਿੱਚ ਲਿਆਉਣਾ ਚਾਹੁੰਦੀ ਹਾਂ ਕਿ ਇਸ ਜੱਜਮੈਂਟ ਨੂੰ ਪੰਜਾਬ ਸਰਕਾਰ ਨੇ ਐਡਾਪਟ ਕੀਤਾ ਹੈ। ਇਸ ਦੀ ਚਿੱਠੀ ਵੀ ਮੇਰੇ ਕੋਲ ਹੈ। ਮੈਂ ਇਸ ਦੀ ਲਾਈਨ ਮੈਂ ਪੜ੍ਹ ਲੈਂਦੀ ਹਾਂ। ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ

ਉਕਤ ਕੇਸ ਵਿੱਚ ਹੁਕਮ ਮਿਤੀ 3.9.2015 ਦੀ ਇੱਕ ਕਾਪੀ ਆਪ ਜੀ ਨੂੰ ਲੋੜੀਂਦੀ ਕਾਰਵਾਈ ਵਾਸਤੇ ਭੇਜੀ ਜਾਂਦੀ ਹੈ। ਸਿਵਾਏ ਫਤਿਹਗੜ੍ਹ ਸਾਹਿਬ ਦੇ ਕਿਉਂਕਿ ਆਲਰੇਡੀ ਉਹ ਇੱਕ ਡਿਸਾਈਡਡ ਕੇਸ ਸੀ। ਸਾਰੇ ਪੰਜਾਬ ਵਾਸਤੇ ਜੱਜਮੈਂਟ ਆਈ ਹੈ। ਸੋ, ਸਰ, ਮੈਂ ਤੁਹਾਡੇ ਜ਼ਰੀਏ ਮੰਤਰੀ ਜੀ ਨੂੰ ਇਹ ਦਰਖਾਸਤ ਕਰਨਾ ਚਾਹੁੰਦੀ ਹਾਂ ਕਿ, ਕੀ ਇਸ ਐਕਟ ਨੂੰ mis-use ਕਰਕੇ ਜਿੱਤੇ ਹੋਏ ਸਰਪੰਚਾਂ ਨੂੰ ਪ੍ਰੈਸ਼ੇਰਾਈਜ਼ ਕਰਕੇ ਉਨ੍ਹਾਂ ਦੇ ਉੱਤੇ ਪ੍ਰਬੰਧਕ ਲਗਾਉਣਾ ਕਿੰਨਾ ਕੁ ਸਹੀ ਹੈ ਔਰ ਇਸ ਨੂੰ ਦੂਰ ਕਰਨ ਵਾਸਤੇ ਤੁਸੀਂ ਕੀ ਕਦਮ ਚੁੱਕ ਰਹੇ ਹੋ? ਇਹ ਇਸੇ ਡਿਪਾਰਟਮੈਂਟ ਦੀ ਲੈਟਰ ਹੈ। ਕੀ ਮੰਤਰੀ ਜੀ ਹਾਊਸ ਵਿੱਚ ਇਹ ਐਸ਼ੋਰੈਂਸ ਦੇਣਗੇ ਕਿ ਇਸ ਤਰ੍ਹਾਂ ਦੁਬਾਰਾ ਐਡਮਨਿਸਟ੍ਰੇਟਰਜ਼ ਨਹੀਂ ਲੱਗਣਗੇ? ਜਿਹੜੇ ਸਰਪੰਚ ਚੁਣੇ ਹੋਏ ਹਨ, ਡੈਮੋਕਰੇਸੀ ਦੀ ਖੂਬਸੂਰਤੀ ਨੂੰ ਬਹਾਲ ਕਰਦੇ ਹੋਏ ਉਨ੍ਹਾਂ ਨੂੰ ਆਪਣੇ-ਆਪਣੇ ਪਿੰਡਾਂ ਦੇ ਵਿੱਚ ਇੰਡੀਪੈਂਡੈਂਟਲੀ ਕੰਮ ਕਰਨ ਦਾ ਮੌਕਾ ਦਿੱਤਾ ਜਾਵੇਗਾ?

**ਮੰਤਰੀ:** ਮਾਨਯੋਗ ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬਾ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਵੀ ਕਿਸੇ ਸਰਪੰਚ ਨੂੰ ਹਟਾਇਆ ਜਾਂਦਾ ਹੈ ਜਾਂ ਪ੍ਰਬੰਧਕ ਲਗਾਇਆ ਜਾਦਾ ਹੈ। ਜਦੋਂ ਤੱਕ ਬਹੁ-ਗਿਣਤੀ ਮੈਂਬਰ ਉਸ ਸਰਪੰਚ ਦੇ against ਮਤਾ ਨਹੀਂ ਪਾਉਂਦੇ, ਉਦੋਂ ਤੱਕ ਨਾ ਅਸੀਂ ਕਿਸੇ ਸਰਪੰਚ ਨੂੰ ਹਟਾ ਸਕਦੇ ਹਾਂ ਅਤੇ ਨਾ ਹੀ ਅੱਗੇ ਹਟਾਵਾਂਗੇ। ਇਸ ਦੀ ਪਹਿਲੀ ਸ਼ਰਤ ਇਹ ਹੈ ਕਿ ਪੰਚਾਇਤ ਦੀ ਮੀਟਿੰਗ ਹੁੰਦੀ ਹੈ, ਸਾਰੇ ਮੈਂਬਰ ਮਤਾ ਪਾਉਂਦੇ ਹਨ ਅਤੇ ਸਰਪੰਚ ਘੱਟ ਗਿਣਤੀ ਵਿੱਚ ਰਹਿ ਜਾਂਦਾ ਹੈ। ਅਸੀਂ ਸਰਪੰਚ ਨੂੰ ਨਹੀਂ ਹਟਾਉਂਦੇ ਬਲਕਿ ਉੱਥੇ ਕੰਮ ਚਲਾਉਣ ਲਈ ਗ੍ਰਾਮ ਪੰਚਾਇਤ ਦਾ ਪ੍ਰਬੰਧਕ ਲਗਾਇਆ ਜਾਂਦਾ ਹੈ। ਅਗਰ ਕੋਈ ਸਰਪੰਚ ਕੁਰੱਪਸ਼ਨ ਦੇ ਕੇਸ ਵਿੱਚ ਸਸਪੈਂਡ ਹੋ ਜਾਂਦਾ ਹੈ ਉਸ ਸਮੇਂ ਪ੍ਰਬੰਧਕ ਲਗਾਇਆ ਜਾਂਦਾ ਹੈ। ਬਾਕੀ ਜੇ ਤੁਹਾਡੇ ਕੋਲ ਕੋਈ ਇਸ ਤਰ੍ਹਾਂ ਦੀ ਲੈਟਰ ਹੈ ਤਾਂ ਦੇ ਦੇਵੋ।

ਪ.ਸ਼./ਹ.ਸ./03.55/30.06.2022

**ਸ਼੍ਰੀਮਤੀ ਅਰੁਨਾ ਚੌਧਰੀ**: ਸਪਲੀਮੈਂਟਰੀ ਸਰ।

**ਮਾਨਯੋਗ ਸਪੀਕਰ**: ਤੀਸਰੀ ਸਪਲੀਮੈਂਟਰੀ ਵੀ ਲੈਣੀ ਹੈ?

**ਮੰਤਰੀ**: ਸਪਲੀਮੈਂਟਰੀ ਦੇ ਦਿਓ ਸਰ, ਕੋਈ ਗੱਲ ਨਹੀਂ।

**ਸ਼੍ਰੀਮਤੀ ਅਰੁਨਾ ਚੌਧਰੀ**: ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਕਹਿਣਾ ਚਾਹੁੰਦੀ ਹਾਂ ਕਿ ਜੇ ਕੋਈ ਕੁਰੱਪਸ਼ਨ ਦੇ ਵਿੱਚ ਇਨਵਾਲਵ ਹੈ, ਤਾਂ ਉਸ ਨੂੰ ਜ਼ਰੂਰ ਬਦਲ ਦਿੱਤਾ ਜਾਵੇ। ਅਸੀਂ ਉਸ ਦੀ ਬਿਲਕੁਲ ਸਪੋਰਟ ਨਹੀਂ ਕਰਾਂਗੇ। ਲੇਕਿਨ ਜਿਹੜੇ ਭਲੇ-ਚੰਗੇ ਕੰਮ ਕਰ ਰਹੇ ਹਨ, ਜ਼ਿਲ੍ਹਾ ਦਾ ਕੋਰਮ ਪੂਰਾ ਹੈ ਅਤੇ ਉਨ੍ਹਾਂ ਨੂੰ

ਡੀ.ਡੀ.ਪੀ.ਓਜ਼ ਵਲੋਂ, ਬੀ.ਡੀ.ਓਜ਼. ਵੱਲੋਂ ਕਿਉਂ pressurize ਕੀਤਾ ਜਾ ਰਿਹਾ ਹੈ ਕਿ ਉਹ ਲਿਖ ਕੇ ਦੇ ਦੇਣ, ਸਰਪੰਚਾਂ ਤੇ ਪੰਚਾਂ ਨੂੰ ਵੀ ਪਰੇਸ਼ਾਨ ਕੀਤਾ ਜਾ ਰਿਹਾ ਹੈ। ਇਹ ਜ਼ਮੀਨੀ ਹਕੀਕਤ ਹੈ। ਕੀ ਤੁਸੀਂ ਇਸ ਸਬੰਧੀ ਧਿਆਨ ਦੇਵੋਗੇ?

**ਮੰਤਰੀ**: ਮੇਰਾ ਇਸ ਗੱਲ ਵੱਲ ਧਿਆਨ ਹੈ। ਮੈਂ ਮੰਤਰੀ ਸਾਹਿਬਾ ਨੂੰ ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਇਨ੍ਹਾਂ ਦੇ ਹਲਕੇ ਦੇ ਵਿੱਚ ਜਾਂ ਇਨ੍ਹਾਂ ਦੇ ਜਾਣਕਾਰੀ ਵਿੱਚ ਅਜਿਹਾ ਕੋਈ ਕੇਸ ਆਇਆ ਹੈ ਸਾਡੇ ਡੀ.ਡੀ.ਪੀ.ਓਜ਼ ਵਲੋਂ ਜਾਂ ਬੀ.ਡੀ.ਓਜ਼. ਵੱਲੋਂ ਕਿਸੇ ਨੂੰ pressurize ਕੀਤਾ, ਉਹ ਸਾਨੂੰ ਜ਼ਰੂਰ ਲਿਖ ਕੇ ਦਿਓ। ਮੈਂ ਉੱਚਿਤ ਕਾਰਵਾਈ ਕਰਾਂਗਾ।

**ਸਰਦਾਰ ਸੁਖਵਿੰਦਰ ਸਿੰਘ ਕੋਟਲੀ**: ਮੈਂ ਵੀ ਬਹੁਤ ਲੰਮਾ ਸਮਾਂ ਪਿੰਡ ਦਾ ਸਰਪੰਚ ਰਿਹਾ ਹਾਂ। ਮੈਂ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਕਿ ਜੇਕਰ ਪੰਚਾਇਤ ਦਾ ਕੋਰਮ ਘੱਟ ਜਾਏ, ਉੱਥੇ ਅਸੀਂ ਪ੍ਰਬੰਧਕ ਦੀ ਨਿਯੁਕਤੀ ਕਰਦੇ ਹਾਂ। ਕੀ ਜ਼ਿਲ੍ਹਾ ਕਾਰਨਾਂ ਕਰਕੇ ਪਿੰਡਾਂ ਦੀ ਡਿਵੈਲਪਮੈਂਟ ਨਹੀਂ ਹੁੰਦੀ, ਜਿਹੜੇ ਪੰਚਾਇਤਾਂ ਨੂੰ co-operate ਨਹੀਂ ਕਰਦੇ, ਉਨ੍ਹਾਂ ਦੇ ਖਿਲਾਫ ਕੋਈ ਐਕਸ਼ਨ ਹੁੰਦਾ ਹੈ, ਜਦੋਂ ਤੁਸੀਂ ਪ੍ਰਬੰਧਕ ਲਗਾਉਂਦੇ ਹੋ?

**ਮੰਤਰੀ**: ਉਨ੍ਹਾਂ ਦੇ ਖਿਲਾਫ ਵੀ ਬਰਾਬਰ ਦੀ ਕਾਰਵਾਈ ਹੁੰਦੀ ਹੈ। ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਮੈਂਬਰ ਸਾਹਿਬ ਕਦੇ ਮੈਰੇ ਦਫਤਰ ਦੇ ਵਿੱਚ ਆ ਜਾਣ, ਇਨ੍ਹਾਂ ਨੂੰ ਮੈਂ ਲਿਸਟ ਦੇਵਾਂਗਾ ਕਿ ਅਸੀਂ ਕਿੰਨੇ ਮੈਂਬਰ ਅਜਿਹੇ ਸਸਪੈਂਡ ਕੀਤੇ ਹਨ, ਜਿਹੜੇ ਸਰਪੰਚਾਂ/ਪੰਚਾਂ ਦਾ ਸਹਿਯੋਗ ਨਹੀਂ ਕਰਦੇ ਯਾਂ ਜਿੱਥੇ ਵੀ ਸਰਪੰਚਾਂ ਨੇ ਲਿਖ ਕੇ ਦਿੱਤਾ ਹੈ। (ਥੰਪਿੰਗ)

**ਡਾਕਟਰ ਰਾਜ ਕੁਮਾਰ**: ਸਪੀਕਰ ਸਾਹਿਬ, ਜਿਸ ਤਰ੍ਹਾਂ ਮੰਤਰੀ ਸਾਹਿਬ ਨੇ ਦੱਸਿਆ ਹੈ ਕਿ ਜ਼ਿਲ੍ਹਾ ਸਰਪੰਚਾਂ ਖਿਲਾਫ ਕੋਈ ਐਫ.ਆਈ.ਆਰਜ਼. ਹਨ, ਜਾਂ ਕੋਈ ਸ਼ਿਕਾਇਤਾਂ ਹਨ, ਉਨ੍ਹਾਂ ਦੇ ਖਿਲਾਫ ਪ੍ਰਬੰਧਕ ਲਗਾਏ ਜਾ ਸਕਦੇ ਹਨ ਪਰ ਮੈਂ ਆਪ ਜੀ ਦੇ ਰਾਹੀਂ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਬੀ.ਡੀ.ਪੀ.ਓਜ਼. ਕਰੱਪਟ ਹਨ, ਉਨ੍ਹਾਂ ਨੂੰ ਲਗਾਤਾਰ ਬਲਾਕਾਂ ਦੇ ਵਿੱਚ ਲਗਾਇਆ ਹੋਇਆ ਹੈ। ਮੈਂ ਖਾਸ ਤੌਰ ਤੇ mention ਕਰਨਾ ਚਾਹੁੰਦਾ ਹਾਂ ਕਿ ਜ਼ਿਲ੍ਹਾ ਹੁਸ਼ਿਆਰਪੁਰ, ਬਲਾਕ-2 ਦੇ ਵਿੱਚ ਇੱਕ ਬੀ.ਡੀ.ਪੀ.ਓ ਹੈ, ਉਹ ਕੁਰੱਪਟ ਹੈ, ਚਾਰਜਿਜ਼ ਵੀ ਪਰੂਵ ਹੋਏ ਪਏ ਹਨ, ਇੰਕਰੀਮੈਂਟਸ ਵੀ ਰੁਕੀਆਂ ਹੋਈਆਂ ਹਨ। ਸ਼੍ਰੀ ਬ੍ਰਮ ਸ਼ੰਕਰ (ਜਿੰਪਾ) ਜੀ ਨੂੰ ਵੀ ਕਾਮਨ ਪਿੰਡ ਪੈਂਦੇ ਹਨ, ਉਨ੍ਹਾਂ ਨੇ ਵੀ ਮੇਰੀ ਬਹੁਤ ਸਪੋਰਟ ਕੀਤੀ ਕਿਉਂਕਿ ਉਨ੍ਹਾਂ ਦੇ ਪਿੰਡ ਵੀ ਇਸ ਵਿੱਚ ਹਨ। ਅਸੀਂ ਜਦੋਂ ਬੇਨਤੀ ਕੀਤੀ ਤਾਂ ਉਨ੍ਹਾਂ ਨੇ ਉਸ ਨੂੰ ਬਦਲ ਦਿੱਤਾ। ਪਰ ਜਦੋਂ ਬਦਲੀ ਤੋਂ

ਬਾਅਦ ਉਹ ਹਾਈ ਕੋਰਟ ਤੋਂ ਸਟੇਅ ਵਗੈਰਾ ਲੈ ਆਉਂਦੇ ਹਨ, ਤਾਂ ਉਹ ਮਨ-ਮਾਣੀਆਂ ਕਰਦੇ ਹਨ। ਪ੍ਰਬੰਧਕ ਵੀ ਬੜੇ ਸ਼ੋਕ ਦੇ ਭਾਅ ਲਗਾਏ ਜਾ ਰਹੇ ਹਨ। ਕੀ ਮੰਤਰੀ ਸਾਹਿਬ ਇਸ ਤਰ੍ਹਾਂ ਦੇ ਲੋਕਾਂ ਦੇ ਖਿਲਾਫ ਕੋਈ ਕਾਰਵਾਈ ਕਰਨਗੇ?

**ਮੰਤਰੀ**: ਮਾਨਯੋਗ ਸਪੀਕਰ ਸਾਹਿਬ, ਜਿਸ ਤਰ੍ਹਾਂ ਡਾਕਟਰ ਰਾਜ ਕੁਮਾਰ ਜੀ ਨੇ ਵੀ ਕਿਹਾ ਹੈ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਤਿੰਨ ਚਾਰ ਬੀ.ਡੀ.ਪੀ.ਓਜ਼ ਅਜਿਹੇ ਹਨ, ਜ਼ਿਲ੍ਹਾ ਦੇ ਖਿਲਾਫ ਜਦੋਂ ਕਾਰਵਾਈ ਕੀਤੀ ਤਾਂ ਉਹ ਹਾਈ ਕੋਰਟ ਤੋਂ ਸਟੇਅ ਆਰਡਰ ਲੈ ਆਏ। ਅਸੀਂ ਹੁਣ ਇਸ ਤਰ੍ਹਾਂ ਦਾ ਸਿਸਟਮ ਬਣਾ ਰਹੇ ਹਾਂ ਕਿ ਉਨ੍ਹਾਂ ਵੱਲੋਂ ਜਿਹੜੀ ਗ੍ਰਾਊਂਡ ਤਿਆਰ ਕਰਕੇ ਹਾਈ ਕੋਰਟ ਤੋਂ ਸਟੇਅ ਲਿਆ ਜਾਂਦਾ ਹੈ, ਉਹ ਗ੍ਰਾਊਂਡ ਉਸ ਲੈਵਲ ਦੀ ਨਾ ਬਣਾ ਸਕਣ, ਕਿ ਉਨ੍ਹਾਂ ਨੂੰ ਸਟੇਅ ਮਿਲ ਜਾਵੇ। ਜਿੱਥੇ ਕਿਧਰੇ ਵੀ ਅਜਿਹੀ ਪ੍ਰਾਬਲਮ ਆਈ, ਸਰਹਿੰਦ ਵਿਖੇ ਆਈ ਜਾਂ ਤੁਹਾਡੇ ਜ਼ਿਲ੍ਹੇ ਦੇ ਵਿੱਚ ਆਈ, ਉੱਥੇ ਅਸੀਂ ਬਦਲਵਾਂ ਪ੍ਰਬੰਧ ਕੀਤਾ ਹੈ। ਜੇਕਰ ਤੁਹਾਨੂੰ ਹੋਰ ਕਿਧਰੇ ਸਮੱਸਿਆ ਲਗਦੀ ਤਾਂ ਉਹ ਸਾਨੂੰ ਦੱਸੋ। ਅਸੀਂ ਹੱਲ ਕਰ ਦਿਆਂਗੇ। ਮੈਂ ਤੁਹਾਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਜੇਕਰ ਹੁਣ ਵੀ ਉਹ ਬੀ.ਡੀ.ਪੀ.ਓ ਆਪਣੀਆਂ ਮਨ-ਮਾਣੀਆਂ ਕਰਦਾ ਹੈ ਤਾਂ ਅਸੀਂ ਉਸ ਤੋਂ ਚਾਰਜ ਲੈ ਕੇ ਕਿਸੇ ਹੋਰ ਨੂੰ ਦੇ ਦੇਵਾਂਗੇ। ਸਾਡੇ ਮੰਤਰੀ ਸਾਹਿਬ ਬੈਠੇ ਨਹੀਂ। ਤੁਸੀਂ ਦੇ ਦਿਓ। ਅਸੀਂ ਉਸ ਦੀ ਜਗ੍ਹਾ ਕਿਸੇ ਹੋਰ ਨੂੰ ਚਾਰਜ ਦੇ ਦੇਵਾਂਗੇ।(ਥੰਪਿੰਗ)

-------------

## ਜ਼ਿਲ੍ਹਾ ਰੋਪੜ ਵਿਖੇ ਨਜ਼ਾਇਜ਼ ਮਾਈਨਿੰਗ ਤੇ ਕੀਤੀ ਕਾਰਵਾਈ ਦੇ ਵੇਰਵੇ

*265 **ਸ਼੍ਰੀ ਦਿਨੇਸ਼ ਕੁਮਾਰ ਚੱਢਾ**: ਕੀ ਮਾਈਨਜ਼ ਐਂਡ ਜਿਆਲੋਜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਿਛਲੇ ਸਮੇਂ ਦੌਰਾਨ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਵੱਲੋਂ O.A. No. 767/2018 ਅਤੇ ਐਗਜ਼ੀਕਿਊਸ਼ਨ ਐਪਲੀਕੇਸ਼ਨ ਨੰਬਰ 44/2019 ਵਿਚ ਰੋਪੜ ਜ਼ਿਲ੍ਹੇ ਦੀਆਂ 3 ਖੱਡਾਂ ਦੇ ਠੇਕੇਦਾਰਾਂ ਤੋਂ ਨਜਾਇਜ ਮਾਈਨਿੰਗ ਦਾ ਮੁਆਵਜ਼ਾ ਵਸੂਲਣ ਲਈ ਹੁਕਮ ਕੀਤੇ ਗਏ ਸਨ ਅਤੇ ਨਾਲ ਹੀ ਸਬੰਧਿਤ ਠੇਕੇਦਾਰਾਂ ਅਤੇ ਅਫਸਰਾਂ ਖਿਲਾਫ ਫੌਜਦਾਰੀ ਅਤੇ ਵਿਭਾਗੀ ਕਾਰਵਾਈ ਦੇ ਹੁਕਮ ਵੀ ਕੀਤੇ ਗਏ ਸਨ। ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਵੱਲੋਂ ਇਹ ਕਾਰਵਾਈ ਪੂਰੀ ਕਰ ਲਈ ਗਈ ਹੈ, ਵੇਰਵੇ ਦਿੱਤੇ ਜਾਣ?

**ਸਰਦਾਰ ਹਰਜੋਤ ਸਿੰਘ ਬੈਂਸ:** ਵਿਭਾਗ ਵੱਲੋਂ ਰੋਪੜ ਜ਼ਿਲ੍ਹੇ ਦੀ ਮਾਈਨ ਸਵਾੜਾ, ਬੇਈਹਾਰਾ ਅਤੇ ਹਰਸ਼ਾ ਬੇਲਾ ਦੇ ਠੇਕੇਦਾਰਾਂ ਨੂੰ ਰਿਕਵਰੀ ਨੋਟਿਸ ਜਾਰੀ ਕੀਤੇ ਗਏ ਸਨ। ਇਨ੍ਹਾਂ ਰਿਕਵਰੀ ਨੋਟਿਸਾਂ ਦੇ ਵਿਰੁੱਧ ਮਾਈਨ ਸਵਾੜਾ

ਅਤੇ ਮਾਈਨ ਬੇਈਹਾਰਾ ਦੇ ਠੇਕੇਦਾਰਾਂ ਵੱਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਕ੍ਰਮਵਾਰ ਸੀ.ਡਬਲਯੂ.ਪੀ. ਨੰ: 11054 ਆਫ 2020 ਅਤੇ ਸੀ.ਡਬਲਯੂ.ਪੀ. ਨੰ: 12029 ਆਫ 2020 ਦਾਇਰ ਕੀਤੀ ਗਈ ਸੀ।

**ਸਵਾੜਾ ਮਾਈਨ**

ਮਾਨਯੋਗ ਹਾਈਕੋਰਟ ਦੇ ਹੁਕਮਾਂ ਮਿਤੀ 06.8.2020 ਦੀ ਪਾਲਣਾ ਹਿੱਤ ਜ਼ਿਲ੍ਹਾ ਮਾਈਨਿੰਗ ਅਫ਼ਸਰ, ਰੋਪੜ ਵੱਲੋਂ ਸਬੰਧਿਤ ਠੇਕੇਦਾਰ ਨੂੰ ਨਵਾਂ ਰਿਕਵਰੀ '**ਆਰ**' ਨੋਟਿਸ ਜਾਰੀ ਕੀਤਾ ਗਿਆ। ਇਸ ਸਬੰਧ ਵਿੱਚ ਠੇਕੇਦਾਰ ਵੱਲੋਂ ਪ੍ਰਾਪਤ ਪ੍ਰਤੀ ਬੇਨਤੀ ਸਬੰਧੀ ਮੁੱਖ ਦਫ਼ਤਰ ਵੱਲੋਂ ਮਿਤੀ 26.03.2021 ਨੂੰ ਤਕਨੀਕੀ ਕਮੇਟੀ ਦਾ ਗਠਨ ਕੀਤਾ ਗਿਆ ਸੀ।ਤਕਨੀਕੀ ਕਮੇਟੀ ਵੱਲੋਂ ਮਿਤੀ 04.8.2021 ਨੂੰ ਆਪਣੀ ਰਿਪੋਰਟ ਦਿੱਤੀ ਗਈ।ਇਸ ਰਿਪੋਰਟ ਨੂੰ ਘੋਖਣ ਉਪਰੰਤ ਮੁੱਖ ਦਫ਼ਤਰ ਵੱਲੋਂ ਮਿਤੀ 18.10.21 ਨੂੰ ਜ਼ਿਲ੍ਹਾ ਮਾਈਨਿੰਗ ਅਫ਼ਸਰ ਰੋਪੜ ਨੂੰ ਰਿਕਵਰੀ ਸਬੰਧੀ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਗਏ। ਸਬੰਧਿਤ ਜ਼ਿਲ੍ਹਾ ਮਾਈਨਿੰਗ ਅਫ਼ਸਰਾਂ ਵੱਲੋਂ ਰਿਕਵਰੀ ਸਬੰਧੀ ਕਾਰਵਾਈ ਨਾ ਕਰਨ ਕਾਰਨ ਉਨ੍ਹਾਂ ਖਿਲਾਫ ਪੰਜਾਬ ਸਿਵਲ ਸੇਵਾਵਾਂ (ਸ਼ਜਾ ਤੇ ਅਪੀਲ) ਨਿਯਮ 1970 ਦੇ ਰੂਲ 8 ਤਹਿਤ ਚਾਰਜਸ਼ੀਟ ਜਾਰੀ ਕਰ ਦਿੱਤੀ ਗਈ ਹੈ।

**ਬੇਈਹਾਰਾ ਮਾਈਨ**

ਮਾਨਯੋਗ ਹਾਈਕੋਰਟ ਦੇ ਹੁਕਮਾਂ ਮਿਤੀ 17.10.2020 ਦੀ ਪਾਲਣਾ ਹਿੱਤ ਸਬੰਧਿਤ ਜ਼ਿਲ੍ਹਾ ਮਾਈਨਿੰਗ ਅਫ਼ਸਰ, ਰੋਪੜ ਵੱਲੋਂ ਸਬੰਧਿਤ ਠੇਕੇਦਾਰ ਨੂੰ ਨਵਾਂ ਰਿਕਵਰੀ '**ਆਰ**' ਨੋਟਿਸ ਜਾਰੀ ਕਰ ਦਿੱਤਾ ਗਿਆ। ਇਸ ਸਬੰਧ ਵਿੱਚ ਠੇਕੇਦਾਰ ਵੱਲੋਂ ਪ੍ਰਾਪਤ ਪ੍ਰਤੀਬੇਨਤੀ ਸਬੰਧੀ ਮਿਤੀ 09.11.2021 ਸਬੰਧੀ ਮੁੱਖ ਦਫ਼ਤਰ ਵੱਲੋਂ ਤਕਨੀਕੀ ਕਮੇਟੀ ਦਾ ਗਠਨ ਕੀਤਾ ਗਿਆ ਸੀ, ਪਰੰਤੂ ਸਬੰਧਿਤ ਟੈਕਨੀਕਲ ਕਮੇਟੀ ਵੱਲੋਂ ਹੁਣ ਤੱਕ ਰਿਪੋਰਟ ਨਾ ਦੇਣ ਸਬੰਧੀ ਉਨ੍ਹਾਂ ਖਿਲਾਫ ਵਿਭਾਗੀ ਕਾਰਵਾਈ ਦੀ ਪ੍ਰਕਿਰਿਆ ਆਰੰਭੀ ਗਈ ਹੈ।

**ਹਰਸ਼ਾ ਬੇਲਾ ਮਾਈਨ**

ਹਰਸ਼ਾ ਬੇਲਾ ਖੱਡ ਦੇ ਠੇਕਦਾਰ ਵੱਲੋਂ ਮਿਤੀ 20.2.2021 ਨੂੰ ਆਪਣੀ ਪ੍ਰਤੀਬੇਨਤੀ ਜ਼ਿਲ੍ਹਾ ਮਾਈਨਿੰਗ ਅਫ਼ਸਰ, ਰੋਪੜ ਨੂੰ ਦਿੱਤੀ ਗਈ । ਇਸ ਪ੍ਰਤੀਬੇਨਤੀ ਤੇ ਜ਼ਿਲ੍ਹਾ ਮਾਈਨਿੰਗ ਅਫ਼ਸਰ ਵੱਲੋਂ ਆਪਣੀ ਰਿਪੋਰਟ ਮੁੱਖ ਦਫ਼ਤਰ ਨੂੰ ਭੇਜੀ ਗਈ। ਇਸ ਉਪਰੰਤ ਮੁੱਖ ਦਫ਼ਤਰ ਵੱਲੋਂ ਮਿਤੀ 03.12.2021 ਨੂੰ ਪ੍ਰੇਖਣ ਲਗਾਉਣ ਉਪਰੰਤ ਸਵੈ ਸਪੱਸ਼ਟ ਰਿਪੋਰਟ ਭੇਜਣ ਲਈ ਸਬੰਧਿਤ ਜ਼ਿਲ੍ਹਾ ਮਾਈਨਿੰਗ ਅਫ਼ਸਰ, ਰੂਪਨਗਰ ਅਤੇ ਨਿਗਰਾਨ ਇੰਜੀਨੀਅਰ, ਪਟਿਆਲਾ ਨੂੰ ਲਿਖਿਆ ਗਿਆ ਹੈ, ਪਰੰਤੂ ਹੁਣ ਤੱਕ ਰਿਪੋਰਟ ਨਾ ਭੇਜਣ ਕਾਰਨ ਸਬੰਧਿਤ

ਜ਼ਿਲ੍ਹਾ ਮਾਈਨਿੰਗ ਅਫ਼ਸਰਾਂ ਖਿਲਾਫ ਪੰਜਾਬ ਸਿਵਲ ਸੇਵਾਵਾਂ (ਸ਼ਜਾ ਤੇ ਅਪੀਲ) ਨਿਯਮ 1970 ਦੇ ਰੂਲ 8 ਤਹਿਤ ਚਾਰਜਸ਼ੀਟ ਜਾਰੀ ਕਰ ਦਿੱਤੀ ਗਈ ਹੈ।

ਇਸ ਤੋਂ ਇਲਾਵਾ, ਵਿਭਾਗ (ਉਦਯੋਗ ਅਤੇ ਵਣਜ ਵਿਭਾਗ) ਨੇ ਸਾਲ 2016 ਤੋਂ 2018 ਤੱਕ ਇਨ੍ਹਾਂ ਖਾਣਾ ਦੀ ਦੇਖਭਾਲ ਲਈ ਤੈਨਾਤ ਕੀਤੇ ਗਏ ਜ਼ਿੰਮੇਵਾਰ ਅਧਿਕਾਰੀਆਂ (ਦੋ ਜਨਰਲ ਮੈਨੇਜਰ) ਵਿਰੁੱਧ ਪੰਜਾਬ ਸਿਵਲ ਸੇਵਾਵਾਂ (ਸ਼ਜਾ ਤੇ ਅਪੀਲ) ਨਿਯਮ 1970 ਦੇ ਰੂਲ 10 ਅਧੀਨ ਚਾਰਜਸ਼ੀਟ ਜਾਰੀ ਕਰ ਦਿੱਤੀ ਗਈ ਸੀ।ਜਿਸ ਦਾ ਅਜੇ ਤੱਕ ਕੋਈ ਪੱਕਾ ਫੈਸਲਾ ਨਹੀਂ ਹੋਇਆ ਹੈ।

ਸਪੀਕਰ ਸਾਹਿਬ, ਇਸ ਦੇ ਵਿੱਚ ਮੋਟਾ-ਮੋਟਾ ਇਹ ਹੈ ਕਿ despite High Court Orders, ਇਸ ਦੇ ਵਿੱਚ ਨਾ ਕੋਈ ਰਿਕਵਰੀ ਹੋਈ ਹੈ। ਟੈਕਨੀਕਲ ਕਮੇਟੀਆਂ ਬਣਾ ਦਿੱਤੀਆਂ ਗਈਆਂ, ਪਰ ਰਿਪੋਰਟ ਪੇਸ਼ ਨਹੀਂ ਕੀਤੀ ਗਈ। ਮਾਨਯੋਗ ਹਾਈ ਕੋਰਟ ਨੇ ਕਿਹਾ ਸੀ ਕਿ ਰਿਕਵਰੀ ਵੀ ਕਰੋ, ਚਾਰਜ-ਸ਼ੀਟ ਵੀ ਕਰੋ ਅਤੇ if needed, ਫੌਜਦਾਰੀ/ਕ੍ਰਿਮੀਨਲ ਪਰਚੇ ਵੀ ਕਰੋ, ਪਰ ਉਹ ਨਹੀਂ ਕੀਤੇ ਗਏ। ਬੱਸ ਉਨ੍ਹਾਂ ਤੋਂ ਫਾਈਲਾਂ ਲੈ ਕੇ ਘਸਾਈਆਂ ਗਈਆਂ। I assure you. ਮੈਂ ਮਾਨਯੋਗ ਮੈਂਬਰ ਨੂੰ ਵੀ assure ਕਰਦਾ ਹਾਂ ਕਿ ਮੇਰੇ ਕੋਲ ਆ ਜਾਣ। ਮੈਂ ਆਪਣੇ ਵਿਭਾਗ ਨੂੰ 20 ਦਿਨਾਂ ਦਾ ਸਮਾਂ ਦਿੱਤਾ ਹੈ ਕਿ ਇਸ ਸਬੰਧੀ ਕਾਰਵਾਈ ਕਰਕੇ ਇਹ ਸਾਰਾ ਕੁਝ ਦੱਸਿਆ ਜਾਵੇ। (ਥੰਪਿੰਗ)

**30.6.22/ਜਸਪਾਲ/ਬਰਿੰਦਰਾ/4.00**

**ਸ਼੍ਰੀ ਦਿਨੇਸ਼ ਕੁਮਾਰ ਚੱਢਾ:** ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਤਾਂ ਮੈਂ ਆਪਣੇ ਨੌਜਵਾਨ ਮਨਿਸਟਰ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਇਹ ਜਿਹੜਾ ਮਾਮਲਾ ਹੈ, ਇਹ 2018 ਤੋਂ 632 ਕਰੋੜ ਰੁਪਏ ਦੀ ਚੋਰੀ ਦਾ ਮਾਮਲਾ ਹੈ ਜਿਹੜਾ ਕਿ ਹੁਣ ਤੱਕ ਵਿਆਜ ਪਾ ਕੇ ਕਰੀਬ 1000 ਕਰੋੜ ਰੁਪਿਆ ਬਣ ਜਾਂਦਾ ਹੈ। ਨੈਸ਼ਨਲ ਗਰੀਨ ਟ੍ਰਿਬਿਊਨਲ ਨੇ ਮੇਰੀ ਖੁਦ ਦੀ ਕੰਪਲੇਂਟ ਵਿਚ ਜਿਹੜੇ ਠੇਕੇਦਾਰਾਂ ਨੇ ਚੋਰੀ ਕੀਤੀ ਹੈ ਉਨ੍ਹਾਂ ਦੇ ਕੋਲੋਂ ਰਿਕਵਰੀ ਦੇ ਆਰਡਰ ਕੀਤੇ ਹੋਏ ਹਨ, ਪਰ ਅੱਜ ਤੱਕ ਕੁਝ ਨਹੀਂ । ਸਿਰਫ ਹਿੰਦੀ ਫਿਲਮਾਂ ਵਾਂਗ ਕਾਨੂੰਨ ਦਾ ਖੇਲ੍ਹ ਖੇਡਿਆ ਗਿਆ, ਕਦੇ ਕੋਈ ਐਨ.ਜੀ.ਟੀ. ਤੋਂ ਹਾਈ ਕੋਰਟ ਚਲਿਆ ਗਿਆ, ਕਦੇ ਕੋਈ ਕਿਤੇ ਚਲਿਆ ਗਿਆ। ਸੋ, ਜਿਹੜੇ ਤਿੰਨ ਦੋਸ਼ੀ ਅਧਿਕਾਰੀ ਹਨ ਜ਼ਿਲ੍ਹਾ ਨੇ ਰਿਕਵਰੀ ਨਹੀਂ ਕੀਤੀ, ਉਨ੍ਹਾਂ ਦੇ ਖਿਲਾਫ ਕਾਰਵਾਈ ਕੀਤੀ ਹੈ, ਉਨ੍ਹਾਂ ਨੂੰ ਚਾਰਜਸ਼ੀਟ ਕੀਤਾ ਹੈ, ਇਹ ਪਹਿਲਾ ਸਟੈਪ ਹੈ ਜਿਹੜਾ ਇਸ ਵਿਚ ਆਇਆ ਹੈ। (ਥੰਪਿੰਗ) ਪਰ ਮੈਂ ਮਾਨਯੋਗ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਚਾਹਾਂਗਾ ਕਿ ਕਿਉਂਕਿ ਮਾਮਲਾ ਕਰੀਬ 1000 ਕਰੋੜ ਰੁਪਏ ਦੀ ਰਿਕਵਰੀ ਦਾ ਹੈ, ਇਸ ਦੇ ਉਤੇ ਕੋਈ ਪਰਚਾ ਵੀ ਦਰਜ ਹੋਣਾ ਚਾਹੀਦਾ ਹੈ, ਪਰਚਾ ਦਰਜ ਹੋ ਕੇ ਇਹ ਜਿਹੜੇ ਕਾਨੂੰਨ ਦਾ ਖੇਲ੍ਹ ਖੇਲ੍ਹਣ ਵਾਲੇ, ਜਿਹੜੇ ਹਜ਼ਾਰਾਂ ਕਰੋੜਾਂ ਦੀ ਚੋਰੀ ਕਰਕੇ ਖੁੱਲ੍ਹਆਮ

ਘੁੰਮ ਰਹੇ ਹਨ, ਉਹ ਅਰੈਸਟ ਵੀ ਹੋਣੇ ਚਾਹੀਦੇ ਹਨ। ਇਸ ਸਬੰਧੀ ਫੌਜਦਾਰੀ ਕਾਰਵਾਈ ਹੁਣ ਤੱਕ ਕੋਈ ਨਹੀਂ ਹੋਈ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਤੁਸੀਂ ਆਉਣ ਵਾਲੇ ਦਿਨਾਂ ਵਿੱਚ ਫੌਜਦਾਰੀ ਕਾਰਵਾਈ ਦਾ ਕੀ ਸਟੈਪ ਲਵੋਗੇ? ਇਸ ਬਾਰੇ ਹਾਊਸ ਨੂੰ ਦੱਸ ਦਿਉ।

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਬਿਲਕੁਲ ਸਹੀ ਗੱਲ ਹੈ, ਇਹ ਜਿਵੇਂ ਕਹਿ ਸਕਦੇ ਹਾਂ ਕਿ ਬਹੁਤ ਸਾਰੇ ਕੇਸਾਂ ਦੇ ਵਿਚੋਂ ਕੋਈ ਦੰਡਿਤ ਕੇਸ ਹੈ ਜਿਸ ਵਿਚ ਡਿਪਾਰਟਮੈਂਟ ਨੇ ਕਿਤੇ ਕਿਤੇ ਇਸ ਤਰ੍ਹਾਂ ਕੀਤਾ ਹੈ ਕਿ ਰੈਵੇਨਿਊ ਦੇ ਇਸ਼ੂ ਵਿਚ ਆਪਣੇ ਹੱਥ ਆਪ ਹੀ ਵਢਾ ਦਿੱਤੇ ਹਨ it is a very serious issue ਆਪਣੇ ਡਿਪਾਰਟਮੈਂਟ ਦੇ ਲੈਵਲ ਉਤੇ ਜੋ ਕਾਰਵਾਈ ਹੈ, ਉਹ ਤਾਂ ਕਾਰਵਾਈ ਹੈ ਹੀ ਜੀ, ਬਹੁਤ ਸਾਰੇ ਕੇਸਾਂ ਵਿਚ ਅਸੀਂ ਵਿਜੀਲੈਂਸ ਬਿਊਰੋ ਨੂੰ ਲਿਖਿਆ ਹੈ। We will take proper action.

**ਸ਼੍ਰੀ ਦਿਨੇਸ਼ ਕੁਮਾਰ ਚੱਢਾ:** ਸਪੀਕਰ ਸਾਹਿਬ, ਮੈਂ ਇਹ ਵੀ ਸਵਾਲ ਕਰਨਾ ਚਾਹੁੰਦਾ ਹਾਂ ਕਿ ਮੰਤਰੀ ਸਾਹਿਬ ਐਨ.ਜੀ.ਟੀ. ਦੇ ਹੁਕਮਾਂ ਦੇ ਵਿੱਚ ਜਿਥੇ ਇਕ ਪਾਸੇ 632 ਕਰੋੜ ਰੁਪਏ ਦੀ ਰਿਕਵਰੀ ਦੇ ਹੁਕਮ ਹੋਏ ਸੀ ਉਥੇ ਨਾਲ ਹੀ ਜਿਹੜੇ ਇਲਾਕੇ ਦਾ ਇਸ ਨਜਾਇਜ਼ ਮਾਈਨਿੰਗ ਦੇ ਕਾਰਨ ਨੁਕਸਾਨ ਹੋਇਆ ਹੈ ਉਸ ਦੀ ਭਰਪਾਈ ਕਰਨ ਲਈ ਉਸ ਨੂੰ ਕਿਵੇਂ ਰਿਵਾਈਵ ਕਰਨਾ, ਉਹ ਵੀ ਨਾਲ ਹੀ ਹੁਕਮ ਕੀਤੇ ਗਏ ਸਨ, ਉਸ ਸਬੰਧੀ ਵੀ ਦੱਸ ਦਿਉ ਕਿ ਰਿਵਾਈਵ ਕਰਨ ਬਾਰੇ ਆਪਣੀ ਕੀ ਪਾਲਿਸੀ ਹੈ? ਮੈਂ ਨਾਲ ਹੀ ਤੁਹਾਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ ਇਹ ਬੜੀ ਮਾੜੀ ਗੱਲ ਹੈ ਕਿ ਇਹ ਜਿਹੜਾ ਇਸ਼ੂ ਹੈ, ਇਸ ਤੋਂ ਪਹਿਲਾਂ ਵੀ ਉਸ ਸਮੇਂ ਦੇ ਲੀਡਰ ਆਫ ਆਪੋਜ਼ੀਸ਼ਨ, ਸਾਡੇ ਚੀਮਾ ਸਾਹਿਬ ਨੇ ਇਸ ਸਦਨ ਵਿਚ ਚੁੱਕ ਲਿਆ, ਉਸ ਦੇ ਬਾਵਜੂਦ ਹਜ਼ਾਰਾਂ ਕਰੋੜਾਂ ਰੁਪਏ ਦੀ ਰਿਕਵਰੀ ਨਹੀਂ ਹੋਈ । ਰਿਵਾਈਵਲ ਬਾਰੇ ਦੱਸ ਦੇਣ ਜੀ।

**ਮਾਨਯੋਗ ਸਪੀਕਰ** : ਰਿਵਾਈਵਲ ਵਾਸਤੇ ਕੀ ਕਾਰਵਾਈ ਕਰ ਰਹੇ ਹੋ?

**ਮੰਤਰੀ** : ਸਰ, ਮੇਰਾ ਇਲਾਕਾ ਵੀ ਉਸ ਵਿਚ ਪੈਂਦਾ ਹੈ, ਸਾਡਾ ਸਾਂਝਾ ਇਲਾਕਾ ਹੈ। ਇਕ ਸਾਡੇ ਇਲਾਕੇ ਵਿਚ ਖੇੜਾ ਕਲਮੋਟ ਪਿੰਡ ਸੀ, ਉੱਥੇ ਪਹਾੜਾਂ ਦੇ ਪਹਾੜ ਪੁੱਟ ਦਿੱਤੇ। ਜਦੋਂ ਮੈਂ ਆਪ ਦੇਖੇ ਤਾਂ ਅਸੀਂ ਉਹ ਸੀਲ ਕੀਤੇ ਹਨ। ਅਸੀਂ ਇਨਵਾਇਰਨਮੈਂਟਲ ਸਟੱਡੀ ਜ਼ਰੂਰ ਕਰਵਾਵਾਂਗਾ। I ensure the House. ਮਾਨਯੋਗ ਮੈਂਬਰ ਸਾਹਿਬ ਨੂੰ ਵੀ ਇਨਸ਼ੋਅਰ ਕਰਦਾ ਹਾਂ ਕਿ ਇਸੇ ਤਰ੍ਹਾਂ ਹੀ ਰਿਕਵਰੀਜ਼ ਕਰਵਾਂਵਾਂਗੇ ਜੀ। We will see to it.

**ਸ਼੍ਰੀ ਨਰੇਸ਼ ਪੁਰੀ** : ਸਰ, ਮਾਈਨਿੰਗ ਮਨਿਸਟਰ ਸਾਡੇ ਇਥੇ ਬੈਠੇ ਹਨ। ਇੱਕ ਮਾਈਨਿੰਗ ਐਂਡ ਜਿਉਲੋਜੀ ਨਾਲ ਜੁੜੀਆਂ ਜ਼ਿਲ੍ਹਾ ਵਾਰ ਕਮੇਟੀਆਂ ਬਣੀਆਂ ਹੁੰਦੀਆਂ ਹਨ ਉਸ ਵਿਚ ਪਠਾਨਕੋਟ ਤੋਂ ਅਸੀਂ ਤਿੰਨ ਐਮ.ਐਲ.ਏਜ਼

ਹਾਂ, ਅਸੀਂ ਉਸ ਵਿਚ ਮੈਂਬਰ ਹੁੰਦੇ ਹਾਂ ਔਰ ਆਨਰੇਬਲ ਮੈਂਬਰ ਆਫ ਪਾਰਲੀਮੈਂਟ, ਮੈਂਬਰ ਹੁੰਦੇ ਹਨ । ਸਰ, ਜਿਸ ਤਰ੍ਹਾਂ ਹੁਣ ਸੈਸ਼ਨ ਚੱਲਦਾ ਪਿਆ ਹੈ, ਡਿਸਟ੍ਰਕਿਟ ਐਡਮਨਿਸਟ੍ਰੇਸ਼ਨ ਨੂੰ ਪਤਾ ਹੈ ਕਿ ਸਾਰੇ ਉਥੇ ਬਿਜ਼ੀ ਹਨ ਤਾਂ ਸਾਡੀ ਗੈਰਹਾਜ਼ਰੀ ਵਿਚ ਬਿਨਾਂ ਸਾਨੂੰ ਇੰਟੀਮੇਸ਼ਨ ਕਰਵਾਇਆਂ ਉਨ੍ਹਾਂ ਨੇ ਮੀਟਿੰਗ ਆਰਗੇਨਾਈਜ਼ ਕੀਤੀ। ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹਾਂਗਾ ਕਿ ਹੇਠਲੇ ਲੈਵਲ ਉਤੇ ਅਜਿਹੀਆਂ ਹਦਾਇਤਾਂ ਜਾਰੀ ਕਰਨ । ਅਸੀਂ ਉਥੇ ਮੈਂਬਰ ਹਾਂ, ਸਾਡੀ ਗੈਰਹਾਜ਼ਰੀ ਵਿਚ ਮੀਟਿੰਗ ਨਾ ਹੋਵੇ।

**ਮਾਨਯੋਗ ਸਪੀਕਰ :** ਇਸ ਵਾਸਤੇ ਸਵਾਲ ਵੱਖਰਾ ਬਣਦਾ ਹੈ ਪਰ ਮੰਤਰੀ ਸਾਹਿਬ ਤੁਸੀਂ ਇੰਨਾ ਤਾਂ ਐਸ਼ੋਅਰ ਕਰ ਲਵੋ ਕਿ ਜਿਹੜੇ ਐਮ.ਐਲ.ਏਜ਼ ਹਨ ਇਨ੍ਹਾਂ ਦਾ ਜਿਹੜਾ ਰੁਤਬਾ ਤਾਂ ਬਹਾਲ ਰੱਖਿਆ ਜਾਵੇ।

**Minister**: We will do the needful.

**ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ :** ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਲੀਗਲ ਤੇ ਇਲਲੀਗਲ ਮਾਈਨਿੰਗ ਦਾ ਕੀ ਅਰਥ ਹੈ? ਕਿਉਂਕਿ ਜਿਸ ਇਲਾਕੇ ਵਿਚੋਂ ਮੈਂ ਆਉਂਦਾ ਹਾਂ। ਜੋ ਮੈਨੂੰ ਸਮਝ ਆਉਂਦੀ ਹੈ ਕਿ ਲੀਗਲ ਉਹ ਹੈ ਜਿਸ ਖੱਡ ਦੀ ਬੋਲੀ ਹੋਈ ਹੈ, ਉਹ ਖੱਡਾਂ ਕਿਸ ਤਰੀਕੇ ਨਾਲ ਆਈਡੈਂਟੀਫਾਈ ਕੀਤੀਆਂ ਜਾਂਦੀਆਂ ਹਨ । ਜੇ ਆਈਡੈਂਟੀਫਾਈ ਕੀਤੀਆਂ ਜਾਂਦੀਆਂ ਹਨ ਤਾਂ ਉਹ ਗਹਿਰੀ ਪੁੱਟੀਆਂ ਜਾਂਦੀਆਂ ਹਨ । ਜ਼ਰਾ, ਇੱਕ ਕਮੇਟੀ ਬਣਾ ਕੇ ਦੇਖ ਲਿਆ ਜਾਵੇ। ਮੈਨੂੰ ਤਾਂ ਇਹ ਲੱਗਦਾ ਹੈ ਕਿ ਸਭ ਕੁਝ ਇਲਲੀਗਲ ਹੀ ਹੋ ਰਿਹਾ ਹੈ । ਮੇਰੇ ਇਹ ਦੋ ਸਵਾਲ ਹਨ।

**ਮਾਨਯੋਗ ਸਪੀਕਰ :** ਇਹ ਵੱਖਰਾ ਸਵਾਲ ਬਣਦਾ ਹੈ ਜੀ।

-----

## ਨਿਸ਼ਾਨ ਵਾਲਾ ਪ੍ਰਸ਼ਨ ਨੰ: 334

**ਸ਼੍ਰੀਮਤੀ ਰਾਜਿੰਦਰ ਪਾਲ ਕੌਰ :** ਸਪੀਕਰ ਸਾਹਿਬ, ਮੇਰਾ ਸਵਾਲ ਨੰ: 334 ਹੈ ਜੀ।

**ਮਾਨਯੋਗ ਸਪੀਕਰ :** ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ ਜੀ, ਕੀ ਇਹ ਸਵਾਲ ਤੁਹਾਨੂੰ ਡੈਲੀਗੇਟ ਹੋਇਆ ਹੈ?

**ਸਿੱਖਿਆ ਮੰਤਰੀ (ਬੈਠੇ-ਬੈਠੇ) :** ਸਪੀਕਰ ਸਾਹਿਬ, ਇਹ ਨਹੀਂ ਹੋਇਆ ਜੀ।

**ਮਾਨਯੋਗ ਸਪੀਕਰ :** ਚਲੋ, ਅੱਗੇ ਪਾ ਦਿੱਤਾ ਜਾਵੇ ਜੀ।

----------------

**ਨਿਸ਼ਾਨ ਵਾਲਾ ਪ੍ਰਸ਼ਨ ਨੰ: 258**

(ਸਬੰਧਿਤ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

--------------

ਬ.ਕ./ਬ.ਸ/30.6.22/4.05

**ਸ੍ਰੀ ਗੋਇੰਦਵਾਲ ਸਾਹਿਬ ਵਿਖੇ ਖੇਡ ਸਟੇਡੀਅਮ ਬਣਾਉਣਾ**

***234. ਸਰਦਾਰ ਮਨਜਿੰਦਰ ਸਿੰਘ ਲਾਲਪੁਰਾ** : ਕੀ ਖੇਡ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਗੋਇੰਦਵਾਲ ਸਾਹਿਬ ਵਿਖੇ ਖੇਡ ਸਟੇਡੀਅਮ ਬਣਾਉਣ ਦੀ ਕੋਈ ਯੋਜਨਾ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ਇਹ ਬਣਾ ਦਿੱਤਾ ਜਾਵੇਗਾ?

**ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ** : ਸ਼੍ਰੀਮਾਨ ਜੀ, ਹਾਂ ਜੀ। ਸ੍ਰੀ ਗੋਇੰਦਵਾਲ ਸਾਹਿਬ ਵਿਖੇ ਖੇਡ ਸਟੇਡੀਅਮ ਬਣਾਉਣ ਲਈ ਖੇਡ ਵਿਭਾਗ ਵਲੋਂ ਇੰਡਸਟਰੀ ਵਿਭਾਗ ਨਾਲ ਪੰਜ ਏਕੜ ਜ਼ਮੀਨ ਦਾ ਕਬਜ਼ਾ ਲੈਣ ਲਈ ਪੱਤਰ ਵਿਹਾਰ ਚੱਲ ਰਿਹਾ ਹੈ। ਜ਼ਮੀਨ ਦਾ ਕਬਜ਼ਾ ਲੈਣ ਉਪਰੰਤ ਫੰਡਾਂ ਦੀ ਉਪਲਬਧਤਾ ਨੂੰ ਮੁੱਖ ਰੱਖਦੇ ਹੋਏ ਖੇਡ ਸਟੇਡੀਅਮ ਦੀ ਉਸਾਰੀ ਸਬੰਧੀ ਵਿਚਾਰ ਕਰ ਲਿਆ ਜਾਵੇਗਾ।(ਥੰਪਿੰਗ)

**ਸਰਦਾਰ ਮਨਜਿੰਦਰ ਸਿੰਘ ਲਾਲਪੁਰਾ** : ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਜ਼ਿਨ੍ਹਾ ਨੇ ਸਟੇਡੀਅਮ ਬਣਾਉਣ ਦੀ ਹਾਂ ਭਰੀ ਹੈ। ਦੂਜੀ ਗੱਲ, ਇਹ ਕਹਿ ਰਹੇ ਹਨ ਕਿ ਪੰਜ ਏਕੜ ਜ਼ਮੀਨ ਦਾ ਕਬਜ਼ਾ ਲੈਣ ਲਈ ਇੰਡਸਟਰੀ ਵਿਭਾਗ ਨਾਲ ਪੱਤਰ ਵਿਹਾਰ ਚੱਲ ਰਿਹਾ ਹੈ, ਮੈਂ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇਹ ਪੱਤਰ ਵਿਹਾਰ ਬੜੇ ਚਿਰ ਤੋਂ ਚੱਲ ਰਿਹਾ ਹੈ। ਇਸ ਕਰਕੇ ਇਹ ਮੈਨੂੰ ਸਮਾਂ ਬੱਧ ਦੱਸਣ ਕਿ ਇਹ ਪੱਤਰ ਵਿਹਾਰ ਕਦੋਂ ਖਤਮ ਹੋਵੇਗਾ ਅਤੇ ਇੱਥੇ ਸਟੇਡੀਅਮ ਕਦੋਂ ਬਣੇਗਾ?

**ਮਾਨਯੋਗ ਸਪੀਕਰ** : ਮੰਤਰੀ ਜੀ, ਸਮਾਂ ਬੱਧ ਕਰੋਗੇ?

**ਮੰਤਰੀ** : ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਧਿਆਨ ਵਿੱਚ ਲਿਆ ਦਿੱਤਾ ਹੈ, ਮੈਂ ਪਰਸਨਲੀ ਇਸ ਨੂੰ ਟੇਕਅੱਪ ਕਰ ਲੈਂਦਾ ਹਾਂ ਤਾਂ ਕਿ ਪੱਤਰ ਵਿਹਾਰ ਲੰਬਾ ਨਾ ਚੱਲੇ ਅਤੇ ਇਨ੍ਹਾਂ ਦਾ ਮਸਲਾ ਹੱਲ ਹੋ ਜਾਵੇ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ** : ਸਪੀਕਰ ਸਾਹਿਬ, ਬੰਗਾ ਸਿਟੀ ਵਿੱਚ ਇਕ ਸਟੇਡੀਅਮ ਸਾਲ 2017 ਵਿੱਚ ਬਣਨਾ ਸ਼ੁਰੂ ਹੋਇਆ ਸੀ। ਉਥੇ 87.45 ਲੱਖ ਰੁਪਿਆ ਖਰਚ ਹੋਣਾ ਸੀ। ਜਦੋਂ ਇਹ ਸਟੇਡੀਅਮ ਬਣਨਾ

ਸ਼ੁਰੂ ਹੋ ਕੇ ਅੱਧ ਵਿੱਚ ਪਹੁੰਚਿਆ ਤਾਂ ਠੇਕੇਦਾਰ ਉਥੋਂ ਚਲਾ ਗਿਆ ਜਦਕਿ ਉਸ ਨੂੰ 40 ਲੱਖ ਦੀ ਪੇਮੈਂਟ ਵੀ ਹੋ ਚੁੱਕੀ ਹੈ। ਪਿਛਲੀ ਸਰਕਾਰ ਨੇ ਵੀ ਇਨਕੁਆਇਰੀ ਕਰਵਾਈ ਸੀ। ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਇਸ ਦੀ ਦੁਬਾਰਾ ਇਨਕੁਆਇਰੀ ਕਰਵਾਈ ਜਾਵੇ, ਜਿਹੜਾ ਠੇਕੇਦਾਰ 40 ਲੱਖ ਰੁਪਿਆ ਲੈ ਕੇ ਭੱਜ ਗਿਆ ਹੈ, ਉਸ ਦੀ ਰਿਕਵਰੀ ਕਰਵਾਈ ਜਾਵੇ। ਪਿਛਲੀ ਸਰਕਾਰ ਨੇ ਵਿਸ਼ਵਾਸ ਦਿਵਾਇਆ ਸੀ ਕਿ ਅਸੀਂ ਸਟੇਡੀਅਮ ਸ਼ੁਰੂ ਕਰਵਾਵਾਂਗੇ। ਸੋ, ਮੇਰੀ ਬੇਨਤੀ ਹੈ ਕਿ ਇਹ ਸਟੇਡੀਅਮ ਦੁਬਾਰਾ ਸ਼ੁਰੂ ਕਰਵਾਇਆ ਜਾਵੇ ਤਾਂ ਜੋ ਲੋਕ ਇਸ ਦਾ ਫਾਇਦਾ ਲੈ ਸਕਣ। ਧੰਨਵਾਦ।

**ਮਾਨਯੋਗ ਸਪੀਕਰ** : ਮੀਤ ਜੀ, ਸਵਾਲ ਵੱਖਰਾ ਬਣਦਾ ਹੈ।

**ਮੰਤਰੀ** : ਸਰ, ਸਵਾਲ ਵੱਖਰਾ ਬਣਦਾ ਹੈ। ਇਹ ਮੈਨੂੰ ਲਿਖ ਕੇ ਦੇ ਦੇਣ, ਇਨਕੁਆਇਰੀ ਵੀ ਕਰਵਾ ਲਵਾਂਗੇ ਅਤੇ ਚੈੱਕ ਕਰ ਲਵਾਂਗੇ ਕਿ ਪਹਿਲੀ ਇਨਕੁਆਇਰੀ ਵਿੱਚ ਠੇਕੇਦਾਰ ਦਾ ਕੀ ਕੀਤਾ ਗਿਆ ਹੈ।

**ਸਰਦਾਰ ਜਗਰੂਪ ਸਿੰਘ ਗਿੱਲ** : ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਪ੍ਰਸ਼ਨ ਬਾਰੇ ਮੰਤਰੀ ਜੀ ਨੇ ਕਿਹਾ ਹੈ ਕਿ 40 ਕਰੋੜ ਦੀ ਰਿਕਵਰੀ ਕੀਤੀ ਜਾਵੇਗੀ, ਜਿਹੜਾ ਠੇਕੇਦਾਰ ਲੈ ਕੇ ਭੱਜ ਗਿਆ ਹੈ। ਪਿਛਲੇ ਸਵਾਲਾਂ ਵਿੱਚ 600 ਕਰੋੜ ਰੁਪਏ ਜਾਂ 1000 ਕਰੋੜ ਰੁਪਏ ਦੀ ਰਿਕਵਰੀ ਬਾਰੇ ਵੀ ਕਿਹਾ ਹੈ। ਕੀ ਜਿਹੜੀਆਂ ਸਕਿਓਰਟੀਆਂ ਇਨ੍ਹਾਂ ਲੋਕਾਂ ਤੋਂ ਲਈਆਂ ਗਈਆਂ ਸਨ, ਉਹ ਜ਼ਬਤ ਕਰ ਲਈਆਂ ਗਈਆਂ ਹਨ? ਜਿਹੜੀ ਇਨ੍ਹਾਂ ਲੋਕਾਂ ਦੀ ਪ੍ਰਾਪਰਟੀ ਸੀ, ਕੀ ਉਸ ਦੀ ਅਟੈਚਮੈਂਟ ਦੇ ਆਰਡਰ ਹੋ ਗਏ ਹਨ? ਤਾਂ ਜੋ ਉਹ ਉਸ ਪ੍ਰਾਪਰਟੀ ਨੂੰ ਵੇਚ ਕੇ ਨਵੀਂ ਲਿਟੀਗੇਸ਼ਨ ਨਾ ਖੜ੍ਹੀ ਕਰ ਦੇਣ।

**ਮਾਨਯੋਗ ਸਪੀਕਰ** : ਮੈਂਬਰ ਸਾਹਿਬ ਨੇ ਪੁਆਇੰਟ ਸਹੀ ਉਠਾਇਆ ਹੈ ਪਰ ਸਵਾਲ ਵੱਖਰਾ ਬਣਦਾ ਹੈ। ਜੇਕਰ ਮੰਤਰੀ ਜੀ ਕੋਈ ਐਸ਼ੋਰੈਂਸ ਦੇਣੀ ਚਾਹੁੰਦੇ ਹਨ ਤਾਂ ਦੇ ਦੇਣ।

**ਮੰਤਰੀ** : ਸਪੀਕਰ ਸਾਹਿਬ, ਇਨ੍ਹਾਂ ਦੀ ਗੱਲ ਬੜੀ ਵਾਜਬ ਹੈ ਕਿਉਂਕਿ ਪਿਛਲੇ ਸਮੇਂ ਵਿਚ ਇਹੀ ਹੁੰਦਾ ਰਿਹਾ ਹੈ ਕਿ ਇਨਕੁਆਇਰੀਆਂ ਬੈਠ ਜਾਂਦੀਆਂ ਸਨ ਪਰ ਕਾਰਵਾਈ ਕੋਈ ਨਹੀਂ ਹੁੰਦੀ ਸੀ। ਇਹ ਬਿਲਕੁਲ ਠੀਕ ਹੈ ਕਿ ਕਦੇ ਕਾਂ ਮਾਰ ਕੇ ਟੰਗ ਦੇਣਾ ਚਾਹੀਦਾ ਹੈ। ਇਕ ਵਾਰ ਪ੍ਰਾਪਰਟੀ ਜ਼ਬਤ ਕਰ ਲਈ ਤਾਂ ਮੁੜ ਕੇ ਕੋਈ ਠੇਕੇਦਾਰ ਸਰਕਾਰੀ ਪੈਸਾ ਲੈ ਕੇ ਭੱਜਣ ਦੀ ਕੋਸ਼ਿਸ਼ ਨਹੀਂ ਕਰੇਗਾ। ਮੈਂਬਰ ਸਾਹਿਬ ਮੈਨੂੰ ਡਿਟੇਲ ਦੇ ਦੇਣ, ਮੈਂ ਇਸ ਬਾਰੇ ਪਤਾ ਕਰਵਾ ਲੈਂਦਾ ਹਾਂ। ਜੇਕਰ ਠੇਕੇਦਾਰ ਤੇ ਕਾਰਵਾਈ ਨਹੀਂ ਹੋਈ ਤਾਂ ਉਹ ਕਸੂਰਵਾਰ ਹੈ ਅਤੇ ਜੋ ਮੈਂਬਰ ਸਾਹਿਬ ਨੇ ਪ੍ਰਾਪਰਟੀ ਜ਼ਬਤ ਕਰਨ ਬਾਰੇ ਕਿਹਾ ਹੈ, ਇਸ ਨੂੰ ਕਿਸ ਪ੍ਰਕਾਰ ਲਾਗੂ ਕਰ ਸਕਦੇ ਹਾਂ ਜਾਂ ਉਸ ਤੇ ਹੋਰ ਕੀ ਐਕਸ਼ਨ ਲੈ ਸਕਦੇ ਹਾਂ, ਰੂਲਾਂ ਮੁਤਾਬਿਕ ਉਹ ਲਿਆ ਜਾਵੇਗਾ।

----------------

## WELCOME ANNOUNCEMENT BY THE SPEAKER

**ਮਾਨਯੋਗ ਸਪੀਕਰ** : ਮੈਨੂੰ ਇਸ ਪਵਿੱਤਰ ਸਦਨ ਨੂੰ ਇਹ ਦੱਸਣ ਵਿੱਚ ਮਾਣ ਮਹਿਸੂਸ ਹੋ ਰਿਹਾ ਹੈ ਕਿ ਸ਼੍ਰੀ ਮੁਹੰਮਦ ਸਦੀਕ, ਮਾਨਯੋਗ ਮੈਂਬਰ ਪਾਰਲੀਮੈਂਟ, ਲੋਕ ਸਭਾ, ਜਿਨ੍ਹਾਂ ਦੇ ਗੀਤ ਮੇਰਾ ਬਾਪੂ ਵੀ ਸੁਣਦਾ ਰਿਹਾ ਹੈ, ਅਸੀਂ ਵੀ ਸੁਣਦੇ ਹਾਂ ਅਤੇ ਮੈਨੂੰ ਲਗਦਾ ਹੈ ਕਿ ਸਾਡੇ ਬੱਚੇ ਵੀ ਸੁਣਨਗੇ, ਉਹ ਸਦਨ ਦੀ ਕਾਰਵਾਈ ਦੇਖਣ ਲਈ ਗਵਰਨਰ ਬਾਕਸ ਵਿੱਚ ਮੌਜੂਦ ਹਨ। ਆਓ ਅਸੀਂ ਉਨ੍ਹਾਂ ਦਾ ਨਿੱਘਾ ਸਵਾਗਤ ਕਰੀਏ।(ਥੰਪਿੰਗ)

-----

## STARRED QUESTIONS AND ANSWERS *(Resumption)*

### ਪੀ.ਐਸ.ਪੀ.ਸੀ.ਐਲ ਵਿੱਚ ਮੀਟਰ ਰੀਡਿੰਗ ਲਈ ਰੱਖੇ ਮੁਲਾਜ਼ਮਾਂ ਦੀਆਂ ਤਨਖਾਹਾਂ ਦੇ ਵੇਰਵੇ

*268. **ਸ਼੍ਰੀ ਦਿਨੇਸ਼ ਕੁਮਾਰ ਚੱਢਾ** : ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਕੀ ਪੀ.ਐਸ.ਪੀ.ਸੀ.ਐਲ ਵਿੱਚ ਜ਼ਿਲ੍ਹਾ ਕੰਪਨੀਆਂ ਨੂੰ ਮੀਟਰ ਰੀਡਿੰਗ ਲਈ ਮੁਲਾਜ਼ਮ ਰੱਖਣ ਦਾ ਕੰਮ ਦਿੱਤਾ ਗਿਆ ਹੈ, ਕੀ ਉਹ ਕੰਪਨੀਆਂ ਇਨ੍ਹਾਂ ਮੁਲਾਜ਼ਮਾਂ ਨੂੰ ਡੀ.ਸੀ ਰੇਟ ਮੁਤਾਬਿਕ ਤਨਖਾਹਾਂ ਦੇ ਰਹੇ ਹਨ;

(ਅ) ਕੀ ਉਪਰੋਕਤ ਸਬੰਧੀ ਸਬੰਧਿਤ ਅਧਿਕਾਰੀਆਂ ਵਲੋਂ ਨਿਰੀਖਣ ਕੀਤਾ ਜਾ ਰਿਹਾ ਹੈ ਅਤੇ ਜਿੱਥੇ ਡੀ.ਸੀ ਰੇਟਾਂ ਮੁਤਾਬਿਕ ਤਨਖਾਹਾਂ ਨਹੀਂ ਦਿੱਤੀਆਂ ਜਾ ਰਹੀਆਂ; ਕੀ ਉੱਥੇ ਅਜਿਹੀਆਂ ਕੰਪਨੀਆਂ ਖਿਲਾਫ ਕਾਰਵਾਈ ਕੀਤੀ ਜਾ ਰਹੀ ਹੈ;

(ੲ) ਕੀ ਉਪਰੋਕਤ ਕੰਪਨੀਆਂ ਵਲੋਂ ਪਹਿਲਾਂ ਤੋਂ ਪੀ.ਐਸ.ਪੀ.ਸੀ.ਐਲ ਦੇ ਤਹਿਤ ਕੰਮ ਕਰ ਰਹੇ ਮੁਲਾਜ਼ਮਾਂ ਨੂੰ ਨੌਕਰੀ ਤੋਂ ਕੱਢਣ ਲਈ ਲੇਬਰ ਕਾਨੂੰਨ ਦੀ ਪਾਲਣਾ ਕਰਨੀ ਜ਼ਰੂਰੀ ਹੈ; ਜੇਕਰ ਹਾਂ ਤਾਂ ਪਾਲਣਾ ਨਾ ਕਰਨ ਵਾਲੀਆਂ ਕੰਪਨੀਆਂ ਖਿਲਾਫ ਕਾਰਵਾਈ ਲਈ ਸਬੰਧਿਤ ਅਧਿਕਾਰੀ ਕੌਣ ਹਨ?

**ਸਰਦਾਰ ਹਰਭਜਨ ਸਿੰਘ** : (ੳ) ਹਾਂ ਜੀ।

(ਅ) ਹਾਂ ਜੀ। ਸਬੰਧਿਤ ਅਧਿਕਾਰੀ ਸਮੇਂ ਸਮੇਂ ਤੇ ਮੀਟਰ ਰੀਡਰਾਂ/ਆਊਟਸੋਰਸਡ ਕਰਮਚਾਰੀਆਂ ਨੂੰ ਡੀ.ਸੀ ਰੇਟ ਅਨੁਸਾਰ ਤਨਖਾਹ ਦੇ ਭੁਗਤਾਨ ਦੀ ਪਾਲਣਾ ਦੀ ਜਾਂਚ ਕਰਦਾ ਹੈ ਅਤੇ ਜੇਕਰ ਕੰਪਨੀਆਂ ਵਰਕ ਆਰਡਰ

ਵਿੱਚ ਦਰਜ ਨਿਯਮਾਂ ਅਤੇ ਸ਼ਰਤਾਂ ਅਨੁਸਾਰ ਕਿਸੇ ਮੀਟਰ ਰੀਡਰ ਨੂੰ ਡੀ.ਸੀ ਰੇਟ ਮੁਤਾਬਿਕ ਤਨਖਾਹ ਨਹੀਂ ਦਿੰਦੀ ਤਾਂ ਸਬੰਧਿਤ ਕੰਪਨੀ ਵਿਰੁੱਧ ਕਾਰਵਾਈ ਕੀਤੀ ਜਾਂਦੀ ਹੈ।

(ੲ) ਹਾਂ ਜੀ। ਲੇਬਰ ਕਾਨੂੰਨ ਦੀ ਪਾਲਣਾ ਨਾ ਕਰਨ ਵਾਲੀਆਂ ਕੰਪਨੀਆਂ ਖਿਲਾਫ ਕਾਰਵਾਈ ਕਰਨ ਲਈ ਸਬੰਧਿਤ ਅਧਿਕਾਰੀ ਸੀਨੀਅਰ ਕਾਰਜਕਾਰੀ ਇੰਜੀਨੀਅਰ (ਵੰਡ), ਪੰਜਾਬ ਸਟੇਟ ਪਾਵਰ ਕਾਰੋਪੋਰੇਸ਼ਨ ਲਿਮਟਿਡ ਹਨ।

**ਸ਼੍ਰੀ ਦਿਨੇਸ਼ ਕੁਮਾਰ ਚੱਢਾ** : ਸਪੀਕਰ ਸਾਹਿਬ, ਜਵਾਬ ਵਿੱਚ ਆਇਆ ਹੈ ਕਿ ਮੀਟਰ ਰੀਡਰਾਂ ਨੂੰ ਨੋਟੀਫਾਈਡ ਡੀ.ਸੀ ਰੇਟਾਂ ਮੁਤਾਬਿਕ ਤਨਖਾਹ ਦਿੱਤੀ ਜਾ ਰਹੀ ਹੈ ਪਰ ਗਰਾਊਂਡ ਰਿਐਲਟੀ ਕੁਝ ਹੋਰ ਹੈ। ਮੇਰੇ ਕੋਲ ਕੁਝ ਡਾਕੂਮੈਂਟ ਹਨ, ਮੰਗ ਪੱਤਰ ਵੀ ਮੇਰੇ ਕੋਲ ਹਨ। ਜਿਹੜੀਆਂ ਕੰਪਨੀਆਂ ਆਊਟ ਸੋਰਸ ਕੀਤੀਆਂ ਹੋਈਆਂ ਹਨ, ਇਹ ਐਕਸਪਲਾਇਟ ਕਰ ਰਹੀਆਂ ਹਨ ਅਤੇ ਇਨ੍ਹਾਂ ਵੱਲੋਂ ਡੀ.ਸੀ ਰੇਟ ਨਹੀਂ ਦਿੱਤੇ ਜਾ ਰਹੇ ਅਤੇ 6-6 ਮਹੀਨੇ ਦੀਆਂ ਸੈਲਰੀਜ਼ ਨਹੀਂ ਦਿੱਤੀਆਂ ਗਈਆਂ। ਇਹ ਦੱਸਿਆ ਜਾਵੇ ਕਿ ਸਬੰਧਿਤ ਮੁਲਾਜ਼ਮ ਤੁਹਾਡੇ ਮਹਿਕਮੇ ਦੇ ਕਿਹੜੇ ਅਧਿਕਾਰੀ ਨੂੰ ਅਪਰੋਚ ਕਰਨ ਤਾਂ ਕਿ ਉਨ੍ਹਾਂ ਨੂੰ ਇਨਸਾਫ ਅਤੇ ਪੂਰੀ ਮਿਹਨਤ ਮਿਲ ਸਕੇ?

30.6.2022 KK Rk 4.10

**ਮੰਤਰੀ:** ਮਾਨਯੋਗ ਸਪੀਕਰ ਸਾਹਿਬ, ਮੈਂ ਸਬੰਧਿਤ ਮੀਟਰ ਰੀਡਰਜ਼ ਦੀਆਂ ਯੂਨੀਅਨਾਂ ਨਾਲ ਨਿੱਜੀ ਤੌਰ ਤੇ ਵੀ ਦੋ ਵੱਖਰੀਆਂ-ਵੱਖਰੀਆਂ ਮੀਟਿੰਗਾਂ ਕਰ ਚੁੱਕਾ ਹਾਂ। ਜੇਕਰ ਮੈਂਬਰ ਸਾਹਿਬ ਕੋਲ ਕੋਈ ਅਜਿਹਾ ਕੇਸ ਹੈ ਤਾਂ ਉਹ ਦੇ ਸਕਦੇ ਹਨ। ਜੇਕਰ ਕਿਸੇ ਮੀਟਰ ਰੀਡਰ ਨੇ ਅਧਿਕਾਰੀ ਨਾਲ ਮਿਲਣਾ ਹੈ ਤਾਂ ਸੀਨੀਅਰ ਕਾਰਜਕਾਰੀ ਇੰਜੀਨੀਅਰ, ਵੰਡ, ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਇਨ੍ਹਾਂ ਨਾਲ ਸਬੰਧਿਤ ਹਨ, ਉਹ ਇਨ੍ਹਾਂ ਨੂੰ ਮਿਲ ਸਕਦੇ ਹਨ।

**ਸ਼੍ਰੀ ਦਿਨੇਸ਼ ਕੁਮਾਰ ਚੱਢਾ:** ਮੰਤਰੀ ਸਾਹਿਬ, ਧੰਨਵਾਦ ਜੀ। ਇਨ੍ਹਾਂ ਦੀ ਜੋ ਵੀ ਕੰਪਲੇਂਟ ਹੈ, ਮੈਂ ਤੁਹਾਡੇ ਕੋਲ ਫਾਰਵਰਡ ਕਰ ਦੇਵਾਂਗਾ। ਤੁਸੀਂ ਇਸ ਸਬੰਧ ਵਿੱਚ ਬਣਦੀ ਕਾਰਵਾਈ ਕਰਵਾ ਦੇਣਾ।

**ਮਾਨਯੋਗ ਸਪੀਕਰ:** ਮੰਤਰੀ ਜੀ, ਜਿਹੜੇ ਇਹ ਮੀਟਰ ਰੀਡਰ ਹਨ, ਉਹ ਵਿਚਾਰੇ ਤਿੰਨ ਮਹੀਨਿਆਂ ਤੋਂ ਮੇਰੇ ਘਰ ਦੇ ਸਾਹਮਣੇ ਵੀ ਬੈਠੇ ਹਨ। ਇਨ੍ਹਾਂ ਦਾ ਪੁਰਾਣਾ ਬਕਾਇਆ ਆਦਿ ਵੀ ਦਿਵਾ ਦਿਉ।

**ਮੰਤਰੀ:** ਮਾਨਯੋਗ ਸਪੀਕਰ ਸਾਹਿਬ, ਇਨ੍ਹਾਂ ਨਾਲ ਗੱਲਬਾਤ ਚੱਲ ਰਹੀ ਹੈ। ਦੋ ਮੀਟਿੰਗਾਂ ਪਹਿਲਾਂ ਵੀ ਯੂਨੀਅਨ ਨਾਲ ਹੋ ਚੁੱਕੀਆਂ ਹਨ। ਇਨ੍ਹਾਂ ਦੀਆਂ ਜੋ ਵੀ ਸਮੱਸਿਆਵਾਂ ਹਨ, ਉਨ੍ਹਾਂ ਦਾ ਜਲਦੀ ਹੀ ਹੱਲ ਕੀਤਾ ਜਾਵੇਗਾ।

-----------

## ਮਿਡਲ ਸਕੂਲਾਂ ਨੂੰ ਹਾਈ ਸਕੂਲ ਵਿੱਚ ਅਪਗ੍ਰੇਡ ਕਰਨਾ

*58 **ਸ਼੍ਰੀ ਸੰਦੀਪ ਜਾਖੜ:** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਅਬੋਹਰ ਵਿਧਾਨ ਸਭਾ ਹਲਕੇ ਦੇ ਪਿੰਡਾਂ ਦੇ ਸਰਕਾਰੀ ਮਿਡਲ ਸਕੂਲ, ਭੰਗੜ ਖੇੜਾ (ਖੂਹੀਆਂ ਸਰਵਰ ਬਲਾਕ), ਸਰਕਾਰੀ ਮਿਡਲ ਸਕੂਲ, ਉਸਮਾਨ ਖੇੜਾ (ਖੂਹੀਆਂ ਸਰਵਰ ਬਲਾਕ) ਅਤੇ ਸਰਕਾਰੀ ਮਿਡਲ ਸਕੂਲ, ਢਾਣੀ ਕਰਨੈਲ ਸਿੰਘ (ਅਬੋਹਰ ਬਲਾਕ) ਨੂੰ ਹਾਈ ਸਕੂਲਾਂ ਵਿੱਚ ਅਪਗ੍ਰੇਡੇਸ਼ਨ ਕਰਨ ਦੀ ਸਥਿਤੀ ਕੀ ਹੈ?

**ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ:** ਅਬੋਹਰ ਵਿਧਾਨ ਸਭਾ ਹਲਕੇ ਦੇ ਪਿੰਡਾਂ ਦੇ ਸਰਕਾਰੀ ਮਿਡਲ ਸਕੂਲ, ਭਾਂਗਰ ਖੇੜਾ (ਖੂਹੀਆਂ ਸਰਵਰ ਬਲਾਕ) ਅਤੇ ਸਰਕਾਰੀ ਮਿਡਲ ਸਕੂਲ, ਢਾਣੀ ਕਰਨੈਲ ਸਿੰਘ (ਅਬੋਹਰ ਬਲਾਕ) ਨੂੰ ਹਾਈ ਪੱਧਰ ਤੱਕ ਅਪਗ੍ਰੇਡ ਕਰਨ ਸਬੰਧੀ ਕੇਸ ਵਿਚਾਰੇ ਗਏ ਸਨ ਪ੍ਰੰਤੂ ਵਿਭਾਗ ਦੀ ਸਕੂਲਾਂ ਨੂੰ ਅਪਗ੍ਰੇਡ ਕਰਨ ਦੀ ਪਾਲਿਸੀ ਅਨੁਸਾਰ ਕੋਈ ਵੀ ਸ਼ਰਤ ਪੂਰੀ ਨਾ ਹੋਣ ਕਾਰਨ ਇਨ੍ਹਾਂ ਨੂੰ ਅਪਗ੍ਰੇਡ ਨਹੀਂ ਕੀਤਾ ਗਿਆ। ਸਰਕਾਰੀ ਮਿਡਲ ਸਕੂਲ, ਉਸਮਾਨ ਖੇੜਾ (ਖੂਹੀਆਂ ਸਰਵਰ ਬਲਾਕ) ਨੂੰ ਅਪਗ੍ਰੇਡ ਕਰਨ ਸਬੰਧੀ ਕੋਈ ਵੀ ਪ੍ਰਤੀਬੇਨਤੀ ਸਰਕਾਰ ਨੂੰ ਪ੍ਰਾਪਤ ਨਹੀਂ ਹੋਈ।

**ਸ਼੍ਰੀ ਸੰਦੀਪ ਜਾਖੜ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸਾਡੇ ਬਾਰਡਰ ਏਰੀਆ ਵਿੱਚ ਬਹੁਤ ਸਾਰੇ ਪਿੰਡ ਆਉਂਦੇ ਹਨ। ਕੀ ਉਨ੍ਹਾਂ ਵਾਸਤੇ ਸ਼ਰਤਾਂ ਵਿੱਚ ਥੋੜ੍ਹੀ ਜਿਹੀ ਰਿਲੈਕਸੇਸ਼ਨ ਦੇ ਸਕਦੇ ਹੋ ਜੀ? ਕਿਉਂਕਿ ਜਿਹੜੀਆਂ ਲੜਕੀਆਂ ਹਨ, ਉਨ੍ਹਾਂ ਨੂੰ ਮਾਂ ਬਾਪ ਦੂਜੇ ਪਿੰਡਾਂ ਵਿੱਚ ਭੇਜਦੇ ਨਹੀਂ ਹਨ। ਐਟਲੀਸਟ ਦਸਵੀਂ ਜਮਾਤ ਤੱਕ, ਘੱਟੋ ਘੱਟ ਸਾਡੇ ਬਾਰਡਰ ਏਰੀਆ ਦੇ ਸਕੂਲਾਂ ਲਈ ਸ਼ਰਤਾਂ ਵਿੱਚ ਥੋੜ੍ਹੀ ਰਿਲੈਕਸੇਸ਼ਨ ਦਿੱਤੀ ਜਾਵੇ।

ਸਪੀਕਰ ਸਾਹਿਬ, ਅਗਰ ਤੁਸੀਂ ਪਰਮਿਸ਼ਨ ਦਿਉ ਤਾਂ ਮੈਂ ਸਕੂਲਾਂ ਸਬੰਧੀ ਇੱਕ ਸੁਜੈਸ਼ਨ ਵੀ ਮੰਤਰੀ ਸਾਹਿਬ ਨੂੰ ਦੇਣੀ ਚਾਹੁੰਦਾ ਹਾਂ। ਕਿਉਂਕਿ ਮੈਂ ਕਈ ਤਰ੍ਹਾਂ ਤੋਂ ਸੁਣ ਰਿਹਾ ਸੀ, ਇਨ੍ਹਾਂ ਦੇ ਬੜੇ ਪ੍ਰੋਗਰੈਸਿਵ ਥਾੱਟਸ ਹਨ। ਮੰਤਰੀ ਸਾਹਿਬ, ਸਰਦਾਰ ਕੁਲਦੀਪ ਸਿੰਘ ਧਾਲੀਵਾਲ, ਦਿਹਾਤੀ ਵਿਕਾਸ ਮੰਤਰੀ ਜੀ ਵੀ ਤੁਹਾਡੇ ਕੋਲ ਹੀ ਬੈਠੇ ਹਨ, ਕਿਉਂ ਨਾ ਮਨਰੇਗਾ ਦੇ ਥਰੂ ਸਕੂਲਾਂ ਦੀ ਮੈਨਟੇਨੈਂਸ ਕਰੀਏ? ਐਟਲੀਸਟ ਸਾਡੇ ਏਰੀਏ ਵਿੱਚ ਸਕੂਲਾਂ

ਵਿੱਚ ਬਹੁਤ ਵਧੀਆ ਗਰਾਊਂਡਜ਼ ਹਨ। ਸਕੂਲਾਂ ਦੇ ਕੋਲ ਕਲਾਸ-4 ਮੁਲਾਜ਼ਮ ਵੀ ਨਹੀਂ ਹਨ ਤਾਂ ਕਿਉਂ ਨਾ ਆਪਾਂ ਮਨਰੇਗਾ ਡਿਪਾਰਟਮੈਂਟ ਦੇ ਥਰੂ ਪੂਰੇ ਸਾਲ ਲਈ ਚਾਰ-ਪੰਜ ਬੰਦੇ ਪਰਮਾਨੈਂਟ ਡਿਪਿਊਟ ਕਰਕੇ ਸਕੂਲਾਂ ਦੀ ਅਪਕੀਪ ਤੇ ਮੈਨਟੇਨੈਂਸ ਵਾਸਤੇ ਇਸਤੇਮਾਲ ਕੀਤੇ ਜਾਣ। Thank you, Speaker Sahib.

**ਮੰਤਰੀ:** ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਬੜਾ ਅੱਛਾ ਸੁਝਾਅ ਦਿੱਤਾ ਹੈ। ਸਰ, ਸਰਕਾਰ ਇਸ ਤੇ ਆਲਰੈਡੀ ਕੰਮ ਕਰ ਰਹੀ ਹੈ ਕਿ ਪੰਜਾਬ ਦੇ ਪੇਂਡੂ ਖੇਤਰ ਵਿੱਚ ਜਿਹੜੇ ਵੀ ਸਕੂਲਾਂ ਕੋਲ ਗਰਾਊਂਡ ਲਈ ਜਗ੍ਹਾ ਹੈ, ਉਥੇ ਮਨਰੇਗਾ ਰਾਹੀਂ ਗਰਾਊਂਡ ਵੀ ਤਿਆਰ ਕੀਤਾ ਜਾਵੇ। ਬਾਕੀ ਜਿਹੜਾ ਇਨ੍ਹਾਂ ਨੇ ਕਿਹਾ ਹੈ, ਕਿਉਂਕਿ ਮਨਰੇਗਾ ਰਾਹੀਂ ਇਹ ਸਕੀਮ ਹੈ ਕਿ ਜੇ 200 ਪੌਦੇ ਲਗਾ ਦਿੰਦੇ ਹਾਂ ਤਾਂ ਇੱਕ ਆਦਮੀ ਪੱਕਾ ਉਨ੍ਹਾਂ ਦੀ ਸਾਂਭ-ਸੰਭਾਲ ਲਈ ਮਿਲ ਜਾਂਦਾ ਹੈ। ਨਾਲ ਹੀ ਉਹ ਉਸ ਸਕੂਲ ਦੇ ਵਿੱਚ ਵੀ ਉਨ੍ਹਾਂ ਪੌਦਿਆਂ ਦੀ, ਬੂਟਿਆਂ ਦੀ ਸਾਂਭ ਸੰਭਾਲ ਕਰ ਸਕੇ, ਇਸ ਸਬੰਧੀ ਸਰਕਾਰ ਨੇ ਕਈ ਹਲਕਿਆਂ ਵਿੱਚ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਮੈਂ ਤੁਹਾਡੇ ਹਲਕੇ ਵਿੱਚ ਵੀ ਜਿਹੜੇ ਉਥੋਂ ਦੇ ਲੋਕਲ ਐਡਮਨਿਸਟਰੇਸ਼ਨ ਨਾਲ ਗੱਲ ਕਰਕੇ ਇਹ ਕੰਮ ਸ਼ੁਰੂ ਕਰਵਾ ਦਿਆਂਗੇ।

**ਸ਼੍ਰੀ ਸੰਦੀਪ ਜਾਖੜ:** ਸਪੀਕਰ ਸਾਹਿਬ, ਮੈਂ ਇਸ ਬਾਰੇ ਰਿਕੁਐਸਟ ਕਰਦਾ ਹਾਂ ਕਿ ਗਰਾਊਂਡਜ਼ ਦੇ ਨਾਲ-ਨਾਲ ਸਕੂਲਾਂ ਦੀ ਬਿਲਡਿੰਗ ਦੀ ਅਪਕੀਪ ਵਾਸਤੇ ਵੀ ਜੇਕਰ ਆਪਾਂ ਮਨਰੇਗਾ ਦੇ ਵਰਕਰਾਂ ਨੂੰ ਇਸਤੇਮਾਲ ਕਰੀਏ ਤਾਂ ਬਿਹਤਰ ਰਹੇਗਾ। ਕਿਉਂਕਿ ਜਿਵੇਂ ਮੈਂ ਕਿਹਾ ਹੈ ਕਿ ਸਕੂਲਾਂ ਵਿੱਚ ਕਲਾਸ-4 ਇੰਪਲਾਈਜ਼ ਨਹੀਂ ਹਨ।

**ਮੰਤਰੀ:** ਸਪੀਕਰ ਸਾਹਿਬ, ਇਸ ਦੇ ਲਈ ਤਾਂ ਸਰਕਾਰ ਨੇ ਬਜਟ ਵਿੱਚ ਸਪੈਸ਼ਲ ਪ੍ਰਬੰਧ ਰੱਖਿਆ ਹੈ ਕਿ ਸਕੂਲਾਂ ਲਈ ਤੇ ਉਨ੍ਹਾਂ ਦੀ ਮੈਨਟੇਨੈਂਸ ਲਈ ਇੱਕ ਸਪੈਸ਼ਲ ਮੈਨੇਜਰ ਅਤੇ ਉਸ ਦੇ ਨਾਲ ਇੱਕ ਟੀਮ ਲਗਾਈ ਜਾਵੇਗੀ। ਜੋ ਕਿ ਸਕੂਲ ਦੀ ਸਾਫ-ਸਫਾਈ ਅਤੇ ਸਕੂਲ ਦੇ ਹੋਰ ਨਾਨ-ਟੀਚਿੰਗ ਦੇ ਜੋ ਕੰਮ ਹੁੰਦੇ ਹਨ, ਜਿਹੜੇ ਕਿ ਹੁਣ ਪ੍ਰਿੰਸੀਪਲਜ਼ ਤੇ ਸਟਾਫ ਨੂੰ ਦੇਖਣੇ ਪੈਂਦੇ ਹਨ, ਉਸ ਦਾ ਅਲੱਗ ਤੋਂ ਪ੍ਰਬੰਧ ਪਹਿਲੀ ਵਾਰੀ ਕਿਸੇ ਸਰਕਾਰ ਨੇ ਕੀਤਾ ਹੈ ਅਤੇ ਇਸ ਦਾ ਪ੍ਰਬੰਧ ਬਜਟ ਵਿੱਚ ਕੀਤਾ ਹੈ। (ਥੰਪਿੰਗ)

------------

30.06.2022/4.15/ਹਰਪ੍ਰੀਤ ਸਿੰਘ/ਰਜਨੀਸ਼ ਕੁਮਾਰ

## ਹਲਕਾ ਬੰਗਾ ਦੀ ਪੰਚਾਇਤੀ/ਸਰਕਾਰੀ ਜ਼ਮੀਨ ਤੇ ਹੋਏ ਨਜਾਇਜ਼ ਕਬਜ਼ੇ ਛੁਡਾਉਣਾ

*132 **ਡਾਕਟਰ ਸੁਖਵਿੰਦਰ ਕੁਮਾਰ ਸੁੱਖੀ:** ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ :-

(ੳ) ਹਲਕਾ ਬੰਗਾ (ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ) ਵਿਚ ਕੁੱਲ ਕਿੰਨੀ ਪੰਚਾਇਤੀ/ਸਰਕਾਰੀ ਜ਼ਮੀਨ ਹੈ ਤੇ ਇਸ ਵਿਚੋਂ ਕਿੰਨੀ ਜ਼ਮੀਨ ਕਿੰਨੇ ਸਮੇਂ ਤੋਂ ਨਜਾਇਜ਼ ਕਬਜ਼ੇ ਅਧੀਨ ਹੈ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਨਜਾਇਜ਼ ਕਬਜ਼ੇ ਅਧੀਨ ਜ਼ਮੀਨ ਤੇ ਪਿਛਲੇ 30-30 ਸਾਲਾਂ ਤੋਂ ਉਸਾਰੀਆਂ ਕਰਕੇ ਜਿਹੜੇ ਲੋਕ ਰਹਿ ਰਹੇ ਹਨ ਜਾਂ ਆਪਣਾ ਕੋਈ ਕੰਮ-ਧੰਦਾ ਕਰ ਰਹੇ ਹਨ ਕੀ ਉਨ੍ਹਾਂ ਲੋਕਾਂ ਤੋਂ ਇਹ ਜ਼ਮੀਨ ਛੁਡਾਉਣਾ ਸਰਕਾਰ ਦੇ ਵਿਚਾਰ ਅਧੀਨ ਹੈ?

**ਸਰਦਾਰ ਕੁਲਦੀਪ ਸਿੰਘ ਧਾਲੀਵਾਲ:** ਸ਼੍ਰੀਮਾਨ ਜੀ,

ੳ) ਵਿਧਾਨ ਸਭਾ ਹਲਕਾ ਬੰਗਾ ਦੀਆਂ 132 ਗਰਾਮ ਪੰਚਾਇਤਾਂ ਕੋਲ ਕੁੱਲ ਜ਼ਮੀਨ 4873 ਏਕੜ 2 ਕਨਾਲ 14 ਮਰਲੇ ਰਕਬਾ ਹੈ। ਇਸ ਰਕਬੇ ਵਿਚੋਂ 8 ਏਕੜ 0 ਕਨਾਲ 9 ਮਰਲੇ 15 ਸਾਲ ਤੋਂ ਨਜਾਇਜ਼ ਕਬਜ਼ੇ ਥੱਲੇ ਹੈ।

ਅ) ਸਰਕਾਰ ਕਾਨੂੰਨੀ ਪ੍ਰਕਿਰਿਆ ਦੇ ਅਨੁਸਾਰ ਕਬਜ਼ੇਦਾਰਾਂ ਤੋਂ ਕਬਜ਼ਾ ਛੁਡਵਾ ਰਹੀ ਹੈ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ:** ਸਪੀਕਰ ਸਾਹਿਬ, ਜਿਹੜੀਆਂ ਪੰਚਾਇਤੀ ਜ਼ਮੀਨਾਂ ਹਨ, ਇਸ ਵਿਚ ਦੋ ਤਰ੍ਹਾਂ ਦੀਆਂ ਸਮੱਸਿਆਵਾਂ ਆ ਰਹੀਆਂ ਹਨ। ਇਕ ਤਾਂ ਪੰਚਾਇਤਾਂ ਨੂੰ ਪਹਿਲਾਂ ਪਤਾ ਹੀ ਨਹੀਂ ਸੀ ਕਿ ਇਹ ਪੰਚਾਇਤ ਦੀ ਜ਼ਮੀਨ ਹੈ, ਹੁਣ ਜਾ ਕੇ ਪਤਾ ਲੱਗਿਆ ਹੈ।ਅਜਿਹੀਆਂ ਥਾਵਾਂ ਤੇ ਲੋਕਾਂ ਨੇ 30-40 ਸਾਲ ਤੋਂ ਆਪਣੇ ਛੋਟੇ ਛੋਟੇ ਬਿਜ਼ਨਸ ਸ਼ੁਰੂ ਕੀਤੇ ਹੋਏ ਹਨ। ਕੀ ਸਰਕਾਰ ਕੋਈ ਅਜਿਹਾ ਵਿਚਾਰ ਰੱਖਦੀ ਹੈ ਕਿ ਉਨ੍ਹਾਂ ਦਾ ਉਜਾੜਾ ਨਾ ਹੋਵੇ ਅਤੇ ਕੋਈ ਜਾਇਜ਼ ਕੀਮਤ ਰੱਖ ਕੇ ਉਨ੍ਹਾਂ ਨੂੰ ਉੱਥੇ ਹੀ ਵਸਦੇ ਰਹਿਣ ਦੇਣ।

**ਮੰਤਰੀ:** ਸਪੀਕਰ ਸਾਹਿਬ, ਮੈਂ ਕੱਲ੍ਹ ਵੀ ਦੱਸਿਆ ਸੀ ਔਰ ਸਾਡੇ ਮੁੱਖ ਮੰਤਰੀ ਜੀ ਨੇ ਵੀ ਆਪਣੀ ਸਪੀਚ ਵਿਚ ਦੱਸਿਆ ਸੀ ਕਿ ਅਸੀਂ ਪੰਜਾਬ ਵਿਚ ਕਿਸੇ ਦਾ ਵੀ ਉਜਾੜਾ ਨਹੀਂ ਕਰਨਾ ਚਾਹੁੰਦੇ। ਜਿਵੇਂ ਮੈਂਬਰ ਸਾਹਿਬ ਨੇ ਕਿਹਾ ਕਿ ਲੋਕਾਂ ਨੇ ਬਹੁਤ ਸਮੇਂ ਤੋਂ ਪੰਚਾਇਤੀ ਜ਼ਮੀਨਾਂ ਦੱਬੀਆਂ ਹੋਈਆਂ ਹਨ। ਅਸੀਂ ਉਨ੍ਹਾਂ ਲੋਕਾਂ ਨੂੰ ਇਕ ਮੌਕਾ ਦੇ ਰਹੇ ਹਾਂ ਕਿ ਉਹ ਜ਼ਮੀਨ ਛੱਡ ਦੇਣ। ਜੇਕਰ ਉਨ੍ਹਾਂ ਨੇ ਜ਼ਮੀਨ ਆਪਣੇ ਕੋਲ ਰੱਖਣੀ ਹੈ ਤਾਂ ਜਾਇਜ਼ ਲੀਜ਼ ਤੇ ਰੱਖ ਸਕਦੇ ਹਨ। ਜੇਕਰ ਉਹ ਜ਼ਮੀਨ ਦਾ ਮਾਲਕ ਬਣਨਾ ਚਾਹੁੰਦੇ ਹਨ ਤਾਂ ਅਸੀਂ ਇਕ ਪਾਲਿਸੀ

ਵਿਭਾਗ ਵੱਲੋਂ ਤਿਆਰ ਕਰ ਰਹੇ ਹਾਂ, ਉਹ ਜ਼ਮੀਨ ਦੀ ਸਹੀ ਕੀਮਤ ਦੇ ਦੇਣ ਤੇ ਮਾਲਕ ਬਣ ਜਾਣ ਪਰ ਹਾਲੇ ਉਹ ਪਾਲਿਸੀ ਤਿਆਰ ਨਹੀਂ ਹੋਈ, ਜਲਦੀ ਹੀ ਹੋ ਜਾਵੇਗੀ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ:** ਸਪੀਕਰ ਸਾਹਿਬ, ਛੋਟਾ ਮੋਟਾ ਬਿਜ਼ਨਸ ਕਰਨ ਵਾਲੇ ਨੇ ਜੇਕਰ ਜ਼ਮੀਨ ਹੀ ਛੱਡ ਦਿੱਤੀ ਤਾਂ ਉਸ ਦਾ ਕੰਮ ਤਾਂ ਖਤਮ ਹੋ ਜਾਣਾ ਹੈ। ਸੋ, ਮੈਂ ਬੇਨਤੀ ਕਰਦਾ ਹਾਂ ਕਿ ਪਾਲਿਸੀ ਜਲਦੀ ਲਿਆਉਣ ਅਤੇ ਬੀ.ਡੀ.ਓਜ਼ ਨੂੰ ਹਦਾਇਤਾਂ ਦੇਣ ਕਿ ਡੇਢ-ਦੋ ਮਰਲੇ ਵਾਲਿਆਂ ਨੂੰ ਤੰਗ ਨਾ ਕਰਨ।ਅਜਿਹੇ ਲੋਕਾਂ ਨੂੰ ਜ਼ਮੀਨਾਂ ਛੁਡਵਾਉਣ ਲਈ ਪੰਚਾਇਤਾਂ ਪਰੈਸ਼ਰਾਈਜ਼ ਕਰ ਰਹੀਆਂ ਹਨ। ਸੋ, ਮੇਰੀ ਬੇਨਤੀ ਹੈ ਕਿ ਦੋ-ਚਾਰ ਮਰਲਿਆਂ ਵਾਲਿਆਂ ਨੂੰ ਇਹ ਪਾਲਿਸੀ ਆਉਣ ਤੱਕ ਨਾ ਛੇੜਿਆ ਜਾਵੇ। ਮੇਰੀ ਦੂਜੀ ਸਪਲੀਮੈਂਟਰੀ ਇਹ ਹੈ ਕਿ ਪਿੰਡਾਂ ਦੇ ਵਿਚ ਲਾਲ ਲਕੀਰ ਦੇ ਅੰਦਰ ਜਿਹੜੇ ਛੱਪੜ ਹਨ, ਉਨ੍ਹਾਂ ਵਿਚ ਪਹਿਲਾਂ ਬੰਦਾ ਇਕ ਮੱਝ ਬੰਨ ਲੈਂਦਾ ਹੈ, ਫਿਰ ਹੌਲੀ ਹੌਲੀ ਛੱਪੜ ਪੂਰ ਕੇ ਦੋ ਮੱਝਾਂ ਬੰਨਣ ਲੱਗ ਪੈਂਦਾ ਹੈ। ਸੋ, ਹੁਣ ਪਿੰਡਾਂ ਦੇ ਛੱਪੜ ਜਿਹੜੇ 5-5 ਕਨਾਲ ਦੇ ਹੁੰਦੇ ਸੀ, ਉਹ ਡੇਢ-ਦੋ ਕਨਾਲ ਦੇ ਰਹਿ ਗਏ ਹਨ। ਸੋ, ਇਸ ਨਾਲ ਬਰਸਾਤਾਂ ਵਿਚ ਛੱਪੜ ਭਰ ਜਾਂਦਾ ਹੈ ਅਤੇ ਪਿੰਡਾਂ ਦੀਆਂ ਗਲੀਆਂ ਵਿਚ ਸਾਰਾ ਪਾਣੀ ਭਰ ਹੈ ਅਤੇ ਬਿਮਾਰੀ ਫੈਲਦੀ ਹੈ। ਸੋ, ਮੇਰੀ ਬੇਨਤੀ ਹੈ ਕਿ ਜਿੱਥੇ ਆਪਾਂ ਡੇਢ-ਦੋ ਮਰਲੇ ਵਾਲੀਆਂ ਪੰਚਾਇਤੀ ਜ਼ਮੀਨਾਂ ਛੁਡਵਾਉਣ ਨੂੰ ਫਿਰਦੇ ਹਾਂ, ਉੱਥੇ ਪਹਿਲਾਂ ਇਹ ਬਿਮਾਰੀਆਂ ਪੈਦਾ ਕਰਨ ਵਾਲੇ ਛੱਪੜਾਂ ਨੂੰ ਪੂਰਨ ਵਾਲਿਆਂ ਤੇ ਕਾਰਵਾਈ ਕੀਤੀ ਜਾਵੇ। ਕੀ ਸਰਕਾਰ ਕੋਈ ਅਜਿਹੀ ਪਾਲਿਸੀ ਲਿਆ ਰਹੀ ਹੈ ਜਿਸ ਨਾਲ ਛੱਪੜਾਂ ਤੇ ਨਜਾਇਜ਼ ਕਬਜ਼ੇ ਛੁਡਵਾਏ ਜਾਣ।

**ਮੰਤਰੀ:** ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਮੁੜ ਦੱਸਣਾ ਚਾਹੁੰਦਾ ਹਾਂ ਕਿ ਇਕ-ਦੋ ਮਰਲੇ ਵਾਲਿਆਂ ਦੇ ਉਜਾੜੇ ਦਾ ਸਵਾਲ ਹੀ ਨਹੀਂ ਹੈ। ਅਸਲ ਵਿਚ ਆਪਾਂ ਦੇਖਦੇ ਹਾਂ ਕਿ ਪਿੰਡਾਂ ਵਿਚ ਧੜੇਬੰਦੀਆਂ ਹਨ, ਉਹ ਆਪਸ ਵਿਚ ਹੀ ਗਰੁੱਪ ਬਣਾ ਕੇ ਇਕ ਦੂਜੇ ਦੇ ਖਿਲਾਫ ਲੱਗੇ ਰਹਿੰਦੇ ਹਨ। ਸਾਡਾ ਕੋਈ ਅਜਿਹਾ ਪ੍ਰੋਗਰਾਮ ਨਹੀਂ ਹੈ। ਬੀ.ਡੀ.ਪੀ.ਓ, ਡੀ.ਡੀ.ਪੀ.ਓ. ਸਭ ਨੂੰ ਸਖਤ ਹਦਾਇਤਾਂ ਕੀਤੀਆਂ ਹੋਈਆਂ ਹਨ। ਕਿਸੇ ਦਾ ਵੀ ਉਜਾੜਾ ਨਹੀਂ ਹੋਣ ਦਿਆਂਗੇ, ਜੇਕਰ ਕਿਤੇ ਅਜਿਹਾ ਹੋਵੇ ਤਾਂ ਮੈਨੂੰ ਉਸੇ ਵੇਲੇ ਕਾਲ ਕਰੋ। ਮੈਂ ਉਸੇ ਵੇਲੇ ਸਬੰਧਿਤ ਬੀ.ਡੀ.ਪੀ.ਓ. ਜਾਂ ਡੀ.ਡੀ.ਪੀ.ਓ. ਤੇ ਕਾਰਵਾਈ ਕਰਾਂਗਾ। ਅਗਲੀ ਗੱਲ ਇਹ ਹੈ ਕਿ ਆਪਾਂ ਸਾਰੇ ਹੀ ਇਸ ਹਾਊਸ ਵਿਚ ਜ਼ਿੰਮੇਵਾਰ ਹਾਂ। ਸਾਨੂੰ ਗੁੱਸਾ ਨਹੀਂ ਕਰਨਾ ਚਾਹੀਦਾ ਪਰ ਛੱਪੜਾਂ ਤੇ ਕਬਜ਼ੇ ਸਾਡੇ ਆਪਣਿਆਂ ਨੇ ਹੀ ਕੀਤੇ ਹੋਏ ਹਨ। ਆਪਣੇ ਲਾਗੇ ਰਹਿਣ ਵਾਲਿਆਂ ਨੇ ਜਾਂ ਸਰਪੰਚਾਂ ਆਦਿ ਨੇ ਇਹ ਕਬਜ਼ੇ ਕਰਵਾਏ ਹੋਏ ਹਨ। ਸੋ, ਅਸੀਂ ਸਭ ਨੂੰ ਹੱਥ ਜੋੜ ਕੇ ਬੇਨਤੀ ਕਰ ਰਹੇ ਹਾਂ ਕਿ ਇਹ ਕਬਜ਼ੇ ਛੱਡ ਦਿਓ। ਜਿਵੇਂ ਕਿਸੇ ਨੇ ਛੱਪੜ ਨੂੰ ਪੂਰ ਕੇ ਆਪਣਾ ਇਕ ਕਮਰਾ ਬਣਾ ਲਿਆ, ਅਸੀਂ ਕਹਿੰਦੇ ਹਾਂ ਕਿ ਤੁਹਾਨੂੰ ਇਸ ਦੇ ਇਵਜ਼ ਵਿੱਚ

ਕਿਤੇ ਹੋਰ ਜਗ੍ਹਾ ਦੇ ਦਿੰਦੇ ਹਾਂ, ਤੁਸੀਂ ਇਸ ਨੂੰ ਛੱਡ ਦਿਓ ਕਿਉਂਕਿ ਪਾਣੀ ਦੇ ਨਿਕਾਸ ਦੀ ਬਹੁਤ ਬੁਰੀ ਹਾਲਤ ਹੈ।

**ਅ.ਕ/ਮੋ.ਸ਼**/4.20/30.6.2022

ਅਸੀਂ ਕੋਸ਼ਿਸ਼ ਕਰ ਰਹੇ ਹਾਂ, ਕਿੰਨੀ ਕੁ ਕਾਮਯਾਬੀ ਮਿਲਦੀ ਹੈ, ਇਹ ਦੇਖਦੇ ਹਾਂ। ਤੁਹਾਨੂੰ ਬੇਨਤੀ ਹੈ ਕਿ ਜੇਕਰ ਕੋਈ ਸਮੱਸਿਆ ਆਵੇ ਤਾਂ ਤੁਸੀਂ ਸਾਡਾ ਸਹਿਯੋਗ ਜ਼ਰੂਰ ਕਰਨਾ ਕਿਉਂਕਿ ਪੰਜਾਬ ਦਾ ਸਵਾਲ ਹੈ, ਗੰਦੇ ਪਾਣੀ ਦਾ ਸਵਾਲ ਹੈ। ਆਪਣੀ ਹੀ ਧਰਤੀ ਦਾ ਸਵਾਲ ਹੈ। ਮੇਰੀ ਸਾਰਿਆਂ ਨੂੰ ਬੇਨਤੀ ਹੈ ਕਿ ਤੁਸੀਂ ਸਾਡਾ ਸਹਿਯੋਗ ਕਰਨਾ ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ :** ਸਪੀਕਰ ਸਾਹਿਬ, ਅਸੀਂ ਤਾਂ ਚਾਹੁੰਦੇ ਹਾਂ ਕਿ pick and choose ਨਾ ਹੋਵੇ। ਮੇਰਾ ਕਹਿਣ ਦਾ ਇਹ ਮਤਲਬ ਹੈ ਕਿ ਕਿਸੇ ਨਾਲ ਧੱਕਾ ਹੋ ਜਾਂਦਾ ਹੈ ਅਤੇ ਕਿਸੇ ਨੂੰ ਅਸੀਂ ਸ਼ਾਬਾਸ਼ੀ ਦੇ ਕੇ ਕਹਿੰਦੇ ਹਾਂ ਕਿ ਲਗਾ ਰਹਿ ਇਸ ਕੰਮ ਤੇ।

**ਡਾਕਟਰ ਬਲਬੀਰ ਸਿੰਘ :** ਸਪੀਕਰ ਸਾਹਿਬ, ਟਿੱਬਿਆਂ ਤੱਕ ਤੁਹਾਡੀ ਬਾਂਕੀ ਨਜ਼ਰ ਪਹੁੰਚ ਜਾਂਦੀ ਹੈ, ਤੁਹਾਡੀ ਬਾਂਕੀ ਨਜ਼ਰ ਨੂੰ ਸਲਾਮ। (ਹਾਸਾ) ਸਪੀਕਰ ਸਾਹਿਬ, ਛੱਪੜਾਂ ਦੀ ਗੱਲ ਪਹਿਲਾਂ ਵੀ ਹੋਈ ਸੀ। ਅਸੀਂ ਪ੍ਰਾਬਲਮਜ਼ ਦੀ ਗੱਲ ਕਰੀ ਜਾਂਦੇ ਹਾਂ, ਹੱਲ ਦੀ ਗੱਲ ਨਹੀਂ ਕਰਦੇ। ਸੈਮੀਨਾਰਾਂ ਵਿੱਚ ਸੀਂਚੇਵਾਲ ਮਾਡਲ ਦਾ ਜ਼ਿਕਰ ਕਰ ਦਿੰਦੇ ਹਾਂ, ਜਿੰਨੀ ਦੇਰ ਆਪਾਂ ਪੂਰਾ ਇਲਾਜ ਨਹੀਂ ਕਰਦੇ ਅੱਧਾ ਕਰਦੇ ਹਾਂ, ਪ੍ਰਾਬਲਮਜ਼ ਹੁੰਦੀਆਂ ਰਹਿਣੀਆਂ। ਅਸੀਂ ਛੱਪੜ ਡੂੰਘੇ ਕਰ ਦਿੰਦੇ ਹਾਂ। ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਪਿੰਡ ਵਿੱਚ ਛੱਪੜ ਡੂੰਘਾ ਕਰਨਾ ਹੁੰਦਾ ਹੈ, ਉਸ ਨੂੰ ਥਾਪਰ ਮਾਡਲ ਕਹਿੰਦੇ ਹਾਂ, ਉਸ ਦਾ ਅਪਗਰੇਡਿਡ ਮਾਡਲ ਨਾਲ ਬਨਣਾ ਚਾਹੀਦਾ ਹੈ। 80% ਤੋਂ 100% ਸਬਸਿਡੀ ਆਲੇ ਦੁਆਲੇ ਦੇ ਕਿਸਾਨਾਂ ਲਈ ਹੋਣੀ ਚਾਹੀਦੀ ਹੈ। ਕਿਸਾਨ ਕਹਿੰਦੇ ਹਨ ਕਿ ਪਾਣੀ ਮੈਨੂੰ ਦਿਓ, ਮੈਨੂੰ ਦਿਓ ਕਿਉਂਕਿ ਉਨ੍ਹਾਂ ਨੂੰ chemical fertilizer ਨਹੀਂ ਪਾਉਂਣੀ ਪੈਂਦੀ । ਉਸ ਦਾ ਨਾਲ ਮਾਡਲ ਬਣਾ ਕੇ ਪਾਣੀ ਕਿਸਾਨਾਂ ਨੂੰ ਦਿੱਤਾ ਜਾਣਾ ਚਾਹੀਦਾ ਹੈ। ਸਪੀਕਰ ਸਾਹਿਬਰ, ਨਾ ਟੋਬੇ ਭਰਨਗੇ ਨਾ ਪਾਣੀ ਸੜਕਾਂ ਤੇ ਆਵੇਗਾ ਨਾ ਗੰਦ ਪਵੇਗਾ ਅਤੇ ਨਾ ਹੀ ਲੋਕ ਲੜਨਗੇ। ਲੋਕ ਛੱਪੜਾਂ ਦਾ ਪਾਣੀ ਲੈਣ ਲਈ ਲੜਨਗੇ। ਲੋਕ ਪਾਣੀ ਲੈਣ ਲਈ ਲੜਨਗੇ ਅਤੇ ਜ਼ਮੀਨ ਦੇ ਨੀਚੇ ਤੋਂ ਪਾਣੀ ਨਹੀਂ ਕੱਢਣਾ ਪਵੇਗਾ। ਸੋ, ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਇਸ ਪਾਸੇ ਵੱਲ ਧਿਆਨ ਦੇਣ। ਅਸੀਂ 117 ਮੈਂਬਰ ਹਾਂ, ਸਾਨੂੰ 5-5 ਛੱਪੜ ਵੀ ਦੇ ਦੇਣ, ਦੇਖੋ ਪੰਜ ਸਾਲ ਵਿੱਚ ਗੱਲ ਕਿੱਥੇ ਪਹੁੰਚੇਗੀ । ਹਰ ਸਾਲ ਸੀਚੇਵਾਲ ਮਾਡਲ ਬਣਾ ਕੇ, ਥਾਪਰ ਮਾਡਲ ਬਣਾ ਕੇ , ਕਿਸਾਨਾਂ ਨੂੰ ਪਾਣੀ ਦੇ ਕੇ ਫਿਰ ਆਪਾਂ ਅਗਲੇ ਸੈਸ਼ਨ ਵਿੱਚ ਇੱਥੇ ਆਈਏ। ਬਹੁਤ ਬਹੁਤ ਧੰਨਵਾਦ ਜੀ।

**ਸਰਦਾਰ ਸੁਖਵਿੰਦਰ ਸਿੰਘ ਕੋਟਲੀ:** ਮਾਨਯੋਗ ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਜੋ ਕੁਝ ਵੀ ਪਹਿਲਾਂ ਕਿਹਾ ਹੈ , ਮੈਂ ਸਿਰਫ ਉਨ੍ਹਾਂ ਦਾ ਧੰਨਵਾਦ ਕਰਨ ਲਈ ਖੜ੍ਹਾ ਹੋਇਆ ਹਾਂ । ਗਰੀਬਾਂ ਦਾ ਉਜਾੜਾ ਨਾ ਹੋਵੇ, ਉਨ੍ਹਾਂ ਨੂੰ ਰਾਹਤ ਵੀ ਮਿਲੇ , ਇਸ ਲਈ ਮੈਂ ਤੁਹਾਡੀ ਸ਼ਲਾਘਾ ਵੀ ਕਰਨੀ ਚਾਹੁੰਦਾ ਹਾਂ। ਪੰਚਾਇਤਾਂ ਦੀਆਂ ਜ਼ਮੀਨਾਂ ਲਈ ਜੋ ਕੁਝ ਵੀ ਤੁਸੀਂ ਕਰ ਰਹੇ ਹੋ ਜਿਵੇਂ ਮੇਰੇ ਹਲਕੇ ਭੋਗਪੁਰ ਵਿੱਚ ਜੋ ਹੋਇਆ ਮੈਂ ਖੁਦ ਵੀ ਉਥੇ ਗਇਆ ਹਾਂ। ਮੈਂ ਸਿਰਫ ਤੁਹਾਡਾ ਧੰਨਵਾਦ ਕਰਨ ਲਈ ਖੜਾ ਹੋਇਆ ਹਾਂ।

-----------

**ਡੇਰਾਬੱਸੀ ਲਈ ਪੀਣ ਵਾਲੇ ਅਤੇ ਸਿੰਚਾਈ ਲਈ ਨਰਵਾਣਾ ਬਰਾਂਚ ਤੋਂ ਪਾਣੀ ਮੁਹੱਈਆ ਕਰਵਾਉਣਾ**

*207 **ਸਰਦਾਰ ਕੁਲਜੀਤ ਸਿੰਘ ਰੰਧਾਵਾ:** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਡੇਰਾਬੱਸੀ ਵਿੱਚ ਪੀਣ ਅਤੇ ਸਿੰਚਾਈ ਲਈ ਨਰਵਾਣਾ ਬਰਾਂਚ ਤੋਂ ਪਾਣੀ ਦੇਣ ਲਈ ਸਰਕਾਰ ਦੇ ਵਿਚਾਰ ਅਧੀਨ ਕੋਈ ਤਜਵੀਜ਼ ਹੈ; ਜੇਕਰ ਹੈ ਤਾਂ ਇਸ ਨੂੰ ਕਦੋਂ ਤੱਕ ਲਾਗੂ ਕਰ ਦਿੱਤਾ ਜਾਵੇਗਾ?

**ਸ਼੍ਰੀ ਬ੍ਰਮ ਸ਼ੰਕਰ (ਜਿੰਪਾ):** ਨਹੀਂ ਜੀ, ਡੇਰਾਬੱਸੀ ਲਈ ਪੀਣ ਵਾਲੇ ਅਤੇ ਸਿੰਚਾਈ ਲਈ ਨਰਵਾਣਾ ਬਰਾਂਚ ਤੋਂ ਪਾਣੀ ਮੁਹੱਈਆ ਕਰਵਾਉਣ ਲਈ ਹਾਲ ਦੀ ਘੜੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

**ਸਰਦਾਰ ਕੁਲਜੀਤ ਸਿੰਘ ਰੰਧਾਵਾ:** ਸਪੀਕਰ ਸਾਹਿਬ, ਪਾਣੀ ਗੰਧਲੇ ਕਰ ਦਿੱਤੇ ਉਸ ਪਾਸੇ ਵਾਲਿਆਂ ਨੇ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ), ਕਦੀ ਇਨ੍ਹਾਂ ਦੇ ਸਹਿਯੋਗੀਆਂ ਨੇ ਗੰਧਲੇ ਕਰ ਦਿੱਤੇ। ਮੈਂ ਪਹਿਲੀ ਵਾਰ ਵੀ ਸਵਾਲ ਕੀਤਾ ਸੀ, ਹਾਲਾਂਕਿ ਉਸ ਸਵਾਲ ਦਾ ਇਸ ਸਬੰਧੀ ਦੇਣਾ-ਲੈਣਾ ਤਾਂ ਕੁਝ ਨਹੀਂ ਹੈ। ਲੇਕਿਨ ਮੈਂ ਬੇਨਤੀ ਕਰਾਂਗਾ ਕਿ ਜ਼ੀਰਕਪੁਰ, ਡੇਰਾਬੱਸੀ, ਲਾਲੜੂ ਤੇ ਹੰਡੇਸਰਾ ਅੱਜ ਪੀਣ ਵਾਲੇ ਪਾਣੀ ਨੂੰ ਵੀ ਤਰਸਿਆ ਪਿਆ ਹੈ। ਜਿੱਥੇ ਮੰਤਰੀ ਸਾਹਿਬ ਨੇ ਕਿਹਾ ਹੈ ਕਿ ਇਸ ਦੀ ਕੋਈ ਤਜਵੀਜ਼ ਨਹੀਂ ਹੈ, ਤਜਵੀਜ਼ ਉਦੋਂ ਦੇਣਗੇ ਜਦੋਂ ਡੇਰਾਬੱਸੀ ਹਲਕਾ ਤਬਾਹ ਹੋ ਜਾਵੇਗਾ। ਅੱਜ ਗੰਧੇ ਪਾਣੀ ਦੀ ਸ਼ੁਰੂਆਤ ਹੋ ਗਈ ਹੈ। ਜ਼ਮੀਨ ਦਾ ਜਿਹੜਾ ਗੰਦਾ ਪਾਣੀ ਹੈ, ਰਾਜਨੀਤਿਕ ਸਿਆਸੀ ਆਗੂਆਂ ਦੀ ਭੇਂਟ ਚੜ੍ਹ ਗਿਆ। ਜਿਹੜਾ ਆਗੂ ਸਮੇਂ ਦੀ ਸਰਕਾਰ ਵਿੱਚ ਆਉਂਦਾ ਉਹ ਕੈਮੀਕਲ ਪਲਾਂਟ ਲੈ ਕੇ ਆਉਂਦਾ ਹੈ। ਮੀਟ ਪਲਾਂਟ ਲੈ ਕੇ ਆਉਂਦਾ ਹੈ। ਮੈਂ ਸਪੀਕਰ ਸਾਹਿਬ ਬੇਨਤੀ ਹੈ ਕਿ ਸਾਡੀ ਅਰਜ਼ੋਈ ਨੂੰ ਕਬੂਲ ਕਰਨਾ ਜੀ।

------------------

***ਨਿਸ਼ਾਨ ਵਾਲਾ ਪ੍ਰਸ਼ਨ ਨੰ:** 163

**ਮਾਨਯੋਗ ਸਪੀਕਰ:** ਇਸ ਪ੍ਰਸ਼ਨ ਦੀ ਐਕਸਟੈਂਸ਼ਨ ਮੰਗੀ ਗਈ ਹੈ, ਜੋ ਕਿ ਮੈਂ ਅਲਾਓ ਕਰ ਦਿੱਤੀ ਹੈ।

------------

## ਸਮਾਣਾ ਸ਼ਹਿਰ ਨੂੰ ਪੀਣ ਵਾਲੇ ਪਾਣੀ ਲਈ ਨਹਿਰੀ ਪਾਣੀ ਸਪਲਾਈ ਕਰਨਾ

*33 **ਸਰਦਾਰ ਚੇਤਨ ਸਿੰਘ ਜੋੜਾਮਾਜਰਾ:** ਕੀ ਜਲ ਸਰੋਤ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਸਮਾਣਾ ਸ਼ਹਿਰ ਨੂੰ ਪੀਣ ਵਾਲੇ ਪਾਣੀ ਲਈ ਨਹਿਰੀ ਪਾਣੀ ਸਪਲਾਈ ਕਰਨ ਦੀ ਕੋਈ ਯੋਜਨਾ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਯੋਜਨਾ ਕਦੋਂ ਤੱਕ ਨੇਪਰੇ ਚੜ ਜਾਵੇਗੀ?

**ਸ਼੍ਰੀ ਬ੍ਰਮ ਸ਼ੰਕਰ:** ਨਹੀਂ ਜੀ, ਸਮਾਣਾ ਸ਼ਹਿਰ ਨੂੰ ਪੀਣ ਵਾਲੇ ਪਾਣੀ ਦੀ ਸਪਲਾਈ ਸਬੰਧੀ ਕੋਈ ਯੋਜਨਾ ਵਿਚਾਰ ਅਧੀਨ ਨਹੀਂ ਹੈ ਜੀ।

**ਸਰਦਾਰ ਚੇਤਨ ਸਿੰਘ ਜੋੜਾਮਾਜਰਾ:** ਮਾਨਯੋਗ ਸਪੀਕਰ ਸਾਹਿਬ, ਦੇਖੋ ਇਹ ਯੋਜਨਾ ਪਿਛਲੀ ਸਰਕਾਰ ਨੇ ਬਣਾਉਂਣੀ ਸੀ। ਇਸ ਸਰਕਾਰ ਨੂੰ ਆਏ ਹੋਏ ਹਾਲੇ 3 ਮਹੀਨੇ ਹੋਏ ਹਨ। ਸਪੀਕਰ ਸਾਹਿਬ, ਇਹ ਸਰਕਾਰ ਦਾ ਪਹਿਲਾ ਵਰਕ ਸੈਸ਼ਨ ਹੈ। ਸੈਸ਼ਨ ਦੇ ਹਰ ਦਿਨ ਇਹੀ ਗੱਲ ਹੁੰਦੀ ਹੈ ਕਿ ਧਰਤੀ ਹੇਠਲਾ ਪਾਣੀ ਬਹੁਤ ਨੀਚੇ ਹੁੰਦਾ ਜਾ ਰਿਹਾ ਹੈ। ਮੇਰਾ ਸਵਾਲ ਹੈ ਕਿ ਅਸੀਂ Danger Zone ਵਿੱਚ ਪਹੁੰਚ ਚੁੱਕੇ ਹਾਂ। ਮੈਂ ਮੰਤਰੀ ਜੀ ਨੂੰ ਆਪ ਜੀ ਦੇ ਜ਼ਰੀਏ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਮਾਣਾ ਸ਼ਹਿਰ ਦੇ ਦਿਲ ਵਿੱਚ ਦੀ ਜਿਹੜੀ ਨਹਿਰ ਲੰਘਦੀ ਹੈ, ਉਹ ਸਾਨੂੰ ਪੀਣ ਵਾਲਾ ਪਾਣੀ ਜੇ ਸਰਕਾਰ ਇਸ ਬਜਟ ਵਿੱਚ ਨਹੀਂ ਤਾਂ ਅਗਲੇ ਬਜਟ ਵਿੱਚ ਜ਼ਰੂਰ ਲੈ ਕੇ ਆਵੇ। ਮੰਤਰੀ ਜੀ ਇਸ ਬਾਰੇ ਜ਼ਰੂਰ ਕੁਝ ਕਹਿਣ।

4.25 / 30.06.2022 (AS)ਤਰਲੋਚਨ ਸਿੰਘ / ਮੋਨਿਕਾ ਸ਼ਰਮਾ

**ਮੰਤਰੀ** : ਮਾਨਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਸਰਕਾਰ ਪੀਣ ਵਾਲੇ ਪਾਣੀ ਅਤੇ ਜ਼ਮੀਨ ਦੇ ਥੱਲੇ ਦੇ ਪਾਣੀ ਦੀ ਰਾਖੀ ਕਰਨ ਲਈ ਵਚਨਬੱਧ ਹੈ। ਇਸ ਯੋਜਨਾ ਤੇ ਜ਼ਰੂਰ ਵਿਚਾਰ ਕੀਤਾ ਜਾਵੇਗਾ। ਸ਼ਹਿਰਾਂ ਦਾ ਪਾਣੀ ਲੋਕਲ ਬਾਡੀਜ਼ ਸਪਲਾਈ ਕਰ ਰਹੀਆਂ ਹਨ। ਜਲ ਸਪਲਾਈ ਮਹਿਕਮਾ ਪੇਂਡੂ ਪਾਣੀ ਨੂੰ ਦੇਖਦਾ ਹੈ। ਜਿਹੜਾ ਇਨ੍ਹਾਂ ਨੇ ਕਿਹਾ ਹੈ ਨਹਿਰੀ ਪਾਣੀ ਦੀ ਜੋ ਯੋਜਨਾ ਹੈ, ਸਰਫੇਸ ਵਾਟਰ ਦੀ ਯੋਜਨਾ ਹੈ, ਇਸ ਸਬੰਧੀ ਸਾਰੇ ਸ਼ਹਿਰਾਂ ਨੂੰ ਸਰਫੇਸ ਵਾਟਰ ਦੇਣ ਦਾ ਵਿਚਾਰ ਕਰ ਰਹੇ ਹਾਂ। ਜਲਦੀ ਹੀ ਤਜਵੀਜ਼ ਆਵੇਗੀ। ਇਸ ਨੂੰ ਅਸੀਂ ਮਹਿਕਮੇ ਵਿੱਚ ਵਿਚਾਰ ਰਹੇ ਹਾਂ ਕਿ ਜ਼ਿਆਦਾ ਤੋਂ ਜ਼ਿਆਦਾ ਪਾਣੀ ਅਸੀਂ ਸਰਫੇਸ ਵਾਟਰ ਯੂਜ਼ ਕਰੀਏ।

**ਸਰਦਾਰ ਚੇਤਨ ਸਿੰਘ ਜੋੜਾਮਾਜਰਾ** : ਮਾਨਯੋਗ ਸਪੀਕਰ ਸਾਹਿਬ, ਪਟਿਆਲਾ ਸ਼ਹਿਰ ਨੂੰ ਨਹਿਰੀ ਪਾਣੀ ਦੇਣ ਦੀ ਪਰਪੋਜ਼ਲ ਬਣੀ ਹੋਈ ਹੈ ਅਤੇ ਸਮਾਣਾ ਹਲਕਾ ਬਿਲਕੁਲ ਪਟਿਆਲਾ ਦੀ ਜੜ੍ਹ ਵਿੱਚ ਹੈ। ਮੇਰੀ ਬੇਨਤੀ ਹੈ ਕਿ ਅਗਰ ਉਸ ਪਰਪੋਜ਼ਲ ਨਾਲ ਸਮਾਣਾ ਨੂੰ ਜੋੜਿਆ ਜਾ ਸਕਦਾ ਹੈ ਤਾਂ ਮੰਤਰੀ ਜੀ ਜ਼ਰੂਰ ਇਸ ਪਾਸੇ ਧਿਆਨ ਦੇਣ।

**ਸਰਦਾਰ ਕੁਲਵੰਤ ਸਿੰਘ ਬਾਜ਼ੀਗਰ** : ਸਪੀਕਰ ਸਾਹਿਬ, ਬਹੁਤ ਧੰਨਵਾਦ। ਜਿਹੜਾ ਚੇਤਨ ਜੀ ਦਾ ਸਵਾਲ ਸੀ, ਮੇਰਾ ਸਵਾਲ ਵੀ ਇਸ ਦੇ ਨਾਲ ਹੀ ਹੈ। ਕਿਉਂਕਿ ਸਮਾਣਾ ਅਤੇ ਸ਼ੁਤਰਾਣਾ ਬਿਲਕੁਲ ਲਾਸਟ ਵਿੱਚ ਹਨ। ਭਾਖੜਾ ਨਹਿਰ ਵਿਚਕਾਰੋਂ ਲੰਘ ਕੇ ਜਾਂਦੀ ਹੈ। ਸਾਨੂੰ ਪੀਣ ਵਾਲੀ ਪਾਣੀ ਨਹੀਂ ਮਿਲਦਾ। ਪਹਿਲਾਂ ਰੰਧਾਵਾ ਸਾਹਿਬ ਨੇ ਵੀ ਕਿਹਾ ਸੀ ਕਿ ਘੱਗਰ ਦੀ ਮਾਰ ਹੈ, ਫੈਕਟਰੀਆਂ ਦੇ ਗੰਦਾ ਪਾਣੀ ਕਾਰਨ 70% ਲੋਕ ਕਾਲੇ ਪੀਲੀਏ ਦੇ ਸ਼ਿਕਾਰ ਹਨ। 70% ਲੋਕ ਕੈਂਸਰ ਨਾਲ ਪੀੜਤ ਹਨ। ਮੇਰੀ ਇੱਕ ਹੀ ਬੇਨਤੀ ਹੈ ਕਿ ਸਮਾਣਾ ਅਤੇ ਸ਼ੁਤਰਾਣਾ ਵੱਲ ਖਾਸ ਧਿਆਨ ਦਿੱਤਾ ਜਾਵੇ। ਧੰਨਵਾਦ।

**ਸ਼੍ਰੀ ਜਗਦੀਪ ਕੰਬੋਜ ਗੋਲਡੀ** : ਧੰਨਵਾਦ ਸਪੀਕਰ ਸਾਹਿਬ। ਸਪੀਕਰ ਸਾਹਿਬ ਮੇਰੇ ਜਲਾਲਾਬਾਦ ਹਲਕੇ ਦੇ ਘੱਟੋ ਘੱਟ 150 ਪਿੰਡ ਹਨ ਜਿੱਥੇ ਪੀਣ ਦਾ ਪਾਣੀ ਨਹੀਂ ਹੈ। ਅੱਜ ਲੋਕ ਟੈਂਪੂਆਂ ਤੇ ਪੀਣ ਦਾ ਪਾਣੀ ਮੁੱਲ ਲਿਆਉਂਦੇ ਹਨ। ਸੋ, ਮੇਰੀ ਮੰਤਰੀ ਸਾਹਿਬ ਨੂੰ ਬੇਨਤੀ ਹੈ ਕਿ ਪੀਣ ਦੇ ਪਾਣੀ ਦਾ ਕੋਈ ਵੱਡਾ ਪਲਾਂਟ ਲਗਾਇਆ ਜਾਵੇ ਜਿੱਥੇ ਪੀਣ ਦਾ ਪਾਣੀ ਲੋਕਾਂ ਤੱਕ ਫਰੀ ਪਹੁੰਚ ਸਕੇ।

ਇੱਕ ਹੋਰ ਛੋਟੀ ਜਿਹੀ ਬੇਨਤੀ ਹੈ। ਪਲੀਜ਼ ਗੁੱਸਾ ਨਾ ਕਰ ਜਾਇਉ। ਟੇਲਾਂ ਦੀ ਬਹੁਤ ਗੱਲ ਹੋਈ ਹੈ। ਮੈਂ ਜਿੰਪਾ ਜੀ ਦਾ ਧੰਨਵਾਦ ਕਰਦਾ ਹਾਂ, ਜ਼ਿਲ੍ਹਾ ਨੇ 30 ਸਾਲਾਂ ਬਾਅਦ ਪਿੰਡਾਂ ਦੀਆਂ ਟੇਲਾਂ ਤੇ ਪਾਣੀ ਲਿਆ ਦਿੱਤਾ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਜ਼ੋਰਦਾਰ ਥੰਪਿੰਗ) ਰਾਤ ਨੂੰ 12 ਵਜੇ ਨਹਿਰਾਂ ਵਿੱਚ ਜਾ ਤੇ ਵੱਡੇ ਵੱਡੇ ਪਾਣੀ ਚੋਰਾਂ ਤੇ ਕਾਰਵਾਈ ਵੀ ਕਰਵਾਈ ਹੈ। ਕਦੇ ਅੱਜ ਤੱਕ ਨਹੀਂ ਹੋਇਆ ਕਿ ਕੋਈ ਮੰਤਰੀ ਰਾਤ ਨੂੰ 12 ਵਜੇ ਨਹਿਰ ਵਿੱਚ ਵੜਿਆ ਹੋਵੇ। ਜਿੰਪਾ ਜੀ ਵੜੇ ਹਨ। ਇਨ੍ਹਾਂ ਦਾ ਧੰਨਵਾਦ ਹੈ। (ਥੰਪਿੰਗ) ਸਾਰਿਆਂ ਤੇ ਕਾਰਵਾਈ ਵੀ ਕਰਵਾਈ ਹੈ ਅਤੇ ਟੇਲਾਂ ਤੇ ਪਾਣੀ ਵੀ ਪਹੁੰਚਾ ਦਿੱਤਾ ਹੈ।

**ਸਰਦਾਰ ਅਜੀਤਪਾਲ ਸਿੰਘ ਕੋਹਲੀ** : ਸਪੀਕਰ ਸਾਹਿਬ, ਮੈਂ ਚੇਤਨ ਜੀ ਦੀ ਗੱਲ ਦੀ ਪ੍ਰੋੜ੍ਹਤਾ ਕਰਦਾ ਹਾਂ ਜੀ। ਸਰਦਾਰ ਭਗਵੰਤ ਸਿੰਘ ਮਾਨ, ਮੁੱਖ ਮੰਤਰੀ ਜੀ ਦੀ ਅਗਵਾਈ ਵਿੱਚ ਬੜੇ ਜ਼ੋਰਾਂ ਸ਼ੋਰਾਂ ਨਾਲ ਕਨਾਲ ਬੇਸਡ ਵਾਟਰ ਸਪਲਾਈ ਦਾ ਪ੍ਰਾਜੈਕਟ ਸ਼ੁਰੂ ਹੋਇਆ ਹੈ, ਬੜੇ ਵਧੀਆ ਤਰੀਕੇ ਨਾਲ ਆਗਾਜ਼ ਕੀਤਾ ਹੈ। ਚੇਤਨ ਜੀ ਦੇ ਸਮਾਣਾ ਏਰੀਆ ਦਾ ਕੁਝ ਏਰੀਆ ਸ਼ਹਿਰ ਨਾਲ ਲੱਗਦਾ ਹੈ ਅਤੇ ਓਵਰਲੈਪ ਕਰਦਾ ਹੈ। ਜੇ ਪਟਿਆਲਾ ਸ਼ਹਿਰ ਦੀ ਵਾਟਰ ਬੇਸਡ ਸਪਲਾਈ ਦੀ ਜੁਰਿਸਡਿਕਸ਼ਨ ਇਨ੍ਹਾਂ ਦੀਆਂ ਕਲੋਨੀਆਂ ਜਿਵੇਂ ਖੇੜੀ ਗੁੱਜਰਾਂ ਆਦਿ

ਏਰੀਆ ਤੱਕ ਹੋ ਜਾਵੇ, ਪਟਿਆਲਾ ਸ਼ਹਿਰ ਲਈ ਇਸ ਸਕੀਮ ਦਾ ਖੇਤਰਫਲ ਵਧਾ ਦਿੱਤਾ ਜਾਵੇ ਤਾਂ ਠੀਕ ਰਹੇਗਾ। ਇਸ ਆਪਸ਼ਨ ਨੂੰ ਵੀ ਐਕਸਪਲੋਰ ਕੀਤਾ ਜਾ ਸਕਦਾ ਹੈ।

**ਮਾਨਯੋਗ ਸਪੀਕਰ** : ਇਹ ਵੱਖਰਾ ਸਵਾਲ ਬਣਦਾ ਹੈ। ਜੇ ਮੰਤਰੀ ਜੀ ਜਵਾਬ ਦੇਣਾ ਚਾਹੁੰਦੇ ਹਨ ਤਾਂ ਦੇ ਸਕਦੇ ਹਨ।

**ਮੰਤਰੀ** : ਸਪੀਕਰ ਸਾਹਿਬ, ਸਾਨੂੰ ਵੀ ਪਤਾ ਹੈ ਕਿ ਪੁਰਾਣੀਆਂ ਸਰਕਾਰਾਂ ਨੇ ਕੰਮ ਨਹੀਂ ਕੀਤਾ। ਜਿਹੜਾ ਜ਼ਮੀਨ ਦਾ ਪਾਣੀ ਹੈ, ਉਹ ਖਤਮ ਹੁੰਦਾ ਜਾ ਰਿਹਾ ਹੈ ਅਤੇ ਉਸ ਦੀ ਕੁਆਲਿਟੀ ਵੀ ਮਾੜੀ ਹੁੰਦੀ ਜਾ ਰਹੀ ਹੈ, ਇਹ ਸਾਨੂੰ ਸਾਰਿਆਂ ਨੂੰ ਪਤਾ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬਾਨ ਨੂੰ ਐਸ਼ਿਓਰ ਕਰਦਾ ਹਾਂ ਜਿੱਥੇ ਜਿੱਥੇ ਜੇ.ਜੇ.ਐਮ. ਮਿਸ਼ਨ ਚੱਲ ਰਿਹਾ ਹੈ, ਮੈਂ ਪਹਿਲਾਂ ਵੀ ਇਹ ਗੱਲ ਕਹੀ ਹੈ ਕਿ ਭਗਵੰਤ ਮਾਨ ਜੀ ਦੀ ਸਰਕਾਰ ਵਚਨਬੱਧ ਹੈ ਕਿ ਹਰੇਕ ਇਲਾਕੇ ਵਿੱਚ ਜਿੱਥੇ ਵੀ ਨਹਿਰੀ ਪਾਣੀ ਜਾ ਰਿਹਾ ਹੈ ਅਤੇ ਪੀਣ ਵਾਲਾ ਸਰਫੇਸ ਵਾਟਰ ਉਪਲਬਧ ਹੋ ਸਕਦਾ ਹੈ, ਉਸ ਤੇ ਜ਼ਰੂਰ ਵਿਚਾਰ ਕਰਾਂਗੇ। ਮੈਂ ਮਾਨਯੋਗ ਐਮ.ਐਲ.ਏ. ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਇਸ ਪ੍ਰਤੀ ਵਚਨਬੱਧ ਹਾਂ। (ਥੰਪਿੰਗ)

**ਸ਼੍ਰੀ ਸੰਦੀਪ ਜਾਖੜ** : ਸਰ, ਜਿਵੇਂ ਮੈਂਬਰ ਸਾਹਿਬ ਨੇ ਕਿਹਾ ਹੈ ਕਿ ਉਨ੍ਹਾਂ ਦੀਆਂ ਟੇਲਾਂ ਤੱਕ ਪਾਣੀ ਪਹੁੰਚ ਗਿਆ ਹੈ, ਮੈਂ ਵੀ ਬੇਨਤੀ ਕਰਦਾ ਹਾਂ ਕਿ ਸਾਡੀਆਂ ਟੇਲਾਂ ਤੇ ਵੀ ਧਿਆਨ ਦੇਣ।

**ਮਾਨਯੋਗ ਸਪੀਕਰ** : ਠੀਕ ਹੈ ਜੀ। ਪ੍ਰਸ਼ਨ ਖਤਮ ਹੁੰਦੇ ਹਨ। ਹੁਣ ਅਸੀਂ ਏਜੰਡੇ ਦੀ ਅਗਲੀ ਆਈਟਮ ਲਵਾਂਗੇ।

-------------

ਮ/ ਸ਼.ਜ./4.30/ 30.06.2022

## MATTERS RAISED DURING ZERO HOUR

**ਡਾਕਟਰ ਰਾਜ ਕੁਮਾਰ (ਚੱਬੇਵਾਲ, ਐਸ.ਸੀ.)**: ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਗਰੀਬ ਅਤੇ ਪਿਛੜੇ ਵਰਗ ਨਾਲ ਸਬੰਧਿਤ ਕੁਝ ਮੁੱਦਿਆਂ ਤੇ ਗੱਲ ਕਰਨ ਦੀ ਇਜਾਜ਼ਤ ਦਿੱਤੀ ਹੈ। ਐਡਵੋਕੇਟ ਜਨਰਲ ਦੇ ਦਫਤਰ ਵਿੱਚ ਕਰੀਬ ਢਾਈ ਮਹੀਨੇ ਪਹਿਲਾਂ 178 ਲਾਅ ਅਫਸਰ ਦੀਆਂ ਅਸਾਮੀਆਂ ਕੰਟਰੈਕਟ ਬੇਸਿਜ਼ ਤੇ ਨਿਕਲੀਆਂ ਸਨ, ਜਿਸ ਨੂੰ ਅਪਲਾਈ ਕਰਨ ਦੀ ਅੰਤਿਮ ਮਿਤੀ 9 ਮਈ ਸੀ। ਸਪੀਕਰ ਸਾਹਿਬ, ਕਾਨੂੰਨ ਦੇ ਤਹਿਤ ਉਨ੍ਹਾਂ 178 ਅਸਾਮੀਆਂ ਵਿੱਚ ਐਸ.ਸੀ. ਅਤੇ ਪਿਛੜੇ ਵਰਗਾਂ ਨੂੰ ਰਾਖਵਾਂਕਰਨ

ਦੇਣਾ ਬਣਦਾ ਸੀ ਕਿਉਂਕਿ The Scheduled Caste and Backward Classes Reservation in Services Act, 2006 ਦੇ ਤਹਿਤ ਧਾਰਾ 4 (7) ਵਿੱਚ ਪ੍ਰਾਵਧਾਨ ਹੈ ਕਿ reservation shall be applicable to vacancies to be filled on ad-hoc basis, short term vacancies, work charge establishments, daily wages staff and staff based on contractual basis. ਪਰ ਸਰ, ਹੈਰਾਨਗੀ ਵਾਲੀ ਗੱਲ ਹੈ ਕਿ ਇਨ੍ਹਾਂ ਅਸਾਮੀਆਂ ਵਿੱਚ ਕਿਤੇ ਵੀ ਐਸ.ਸੀ./ਬੀ.ਸੀ. ਰਾਖਵਾਂਕਰਨ ਦੀ ਗੱਲ ਨਹੀਂ ਕੀਤੀ ਗਈ। ਹਾਲਾਂਕਿ ਗ੍ਰਹਿ ਮੰਤਰਾਲੇ ਅਤੇ ਨਿਆਂ ਵਿਭਾਗ ਵੱਲੋਂ ਮਿਤੀ 09.12.2021 ਨੂੰ ਜਿਹੜਾ ਪੱਤਰ ਜਾਰੀ ਹੋਇਆ ਉਸ ਵਿੱਚ ਇਹ ਉਪਬੰਧ ਹੈ ਅਤੇ ਐਡਵੋਕੇਟ ਜਨਰਲ ਦੇ ਦਫਤਰ ਨੂੰ ਖਾਸ ਤੌਰ ਤੇ ਸੂਚਿਤ ਕੀਤਾ ਗਿਆ ਹੈ ਕਿ ਜਿਹੜੇ ਵੀ ਤੁਸੀਂ ਲਾਅ ਅਫਸਰ engage ਕਰਨੇ ਹਨ, ਉਸ ਵਿੱਚ ਰਿਜ਼ਰਵੇਸ਼ਨ ਜ਼ਰੂਰੀ ਹੈ। ਸੋ, ਸਪੀਕਰ ਸਾਹਿਬ, ਮੈਂ ਤੁਹਾਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਤੇ ਤੁਹਾਡੇ ਰਾਹੀਂ ਮੈਂ ਐਡਵੋਕੇਟ ਜਨਰਲ ਦੇ ਦਫਤਰ ਨੂੰ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਅਨਿਆਂ ਹੈ। ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦਾ ਜਿਹੜਾ ਸੰਵਿਧਾਨ ਹੈ, ਉਸ ਦੇ ਤਹਿਤ ਕਿਸੇ ਨਾਲ ਅਨਿਆਂ ਨਹੀਂ ਹੋਣਾ ਚਾਹੀਦਾ ਹੈ। ਖਾਸ ਤੌਰ ਤੇ ਸ਼ਹੀਦ ਭਗਤ ਸਿੰਘ ਤੇ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦੀਆਂ ਫੋਟੋਆਂ ਹਰ ਆਫਿਸ ਵਿੱਚ ਲਗੀਆਂ ਮਿਲਦੀਆਂ ਹਨ। ਖਾਸ ਤੌਰ ਤੇ ਇਨ੍ਹਾਂ ਹਾਲਾਤਾਂ ਵਿੱਚ ਬਿਲਕੁਲ ਵੀ ਅਨਿਆਂ ਨਹੀਂ ਹੋਣਾ ਚਾਹੀਦਾ ਹੈ। ਜਾਂ ਤਾਂ ਇਹ ਪੋਸਟਾਂ ਦੁਬਾਰਾ ਐਡਵਰਟਾਈਜ਼ ਹੋਣ ਜਾਂ ਜਿਹੜੀਆਂ ਪੋਸਟਾਂ ਐਡਵਰਟਾਈਜ਼ ਹੋਈਆਂ ਹਨ, ਉਸ ਵਿੱਚ ਹੀ ਉਨ੍ਹਾਂ ਨੂੰ ਬਣਦਾ ਰਾਖਵਾਂਕਰਨ ਦਿੱਤਾ ਜਾਵੇ।

ਮੇਰੇ ਹਲਕੇ ਦੇ ਨਾਲ ਲਗਦਾ ਡੇਰਾ ਸੱਚਖੰਡ ਬੱਲਾਂ ਜਿੱਥੇ ਸਾਡੀ ਸਰਕਾਰ ਵੱਲੋਂ ਪੰਜਾਹ ਕਰੋੜ ਰੁਪਏ ਸ੍ਰੀ ਗੁਰੂ ਰਵਿਦਾਸ ਮਹਾਰਾਜ ਬਾਣੀ ਅਧਿਐਨ ਕਮੇਟੀ ਲਈ ਸੈਂਕਸ਼ਨ ਹੋਇਆ ਸੀ ਔਰ ਉਸ ਵਿੱਚੋਂ 25 ਕਰੋੜ ਰੁਪਏ ਦੀ ਰਕਮ ਉਸ ਕਮੇਟੀ ਨੂੰ ਦੇ ਵੀ ਦਿੱਤੀ ਗਈ ਪਰੰਤੂ ਪਤਾ ਨਹੀਂ ਅਜਿਹੇ ਕਿਹੜੇ ਕਾਰਨ ਹੋਏ ਕਿ ਉਹ 25 ਕਰੋੜ ਰੁਪਏ ਵਾਪਸ ਲੈ ਲਏ ਗਏ। ਸੋ, ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਸਰਕਾਰ ਨੂੰ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਡੇਰਾ ਸੱਚਖੰਡ ਬੱਲਾਂ ਜੋ ਕਿ ਬਹੁਤ ਹੀ ਸ਼ਰਧਾ ਦਾ ਕੇਂਦਰ ਹੈ, ਜੋ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਚਾਰ ਦਾ ਬਹੁਤ ਵੱਡਾ ਕੇਂਦਰ ਹੈ ਤੇ ਉੱਥੇ ਲਈ ਜਿਹੜੇ 25 ਕਰੋੜ ਜਾਂ 50 ਕਰੋੜ ਜੋ ਵੀ ਬਣਦੇ ਹਨ, ਉਹ ਜਲਦ ਜਾਰੀ ਕੀਤੇ ਜਾਣ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ (ਪਾਇਲ, ਐਸ.ਸੀ.)**: ਬਹੁਤ ਧੰਨਵਾਦ, ਸਪੀਕਰ ਸਾਹਿਬ। ਮੈਂ ਸਦਨ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ 25 ਸਾਲ ਪਹਿਲਾਂ ਮੇਰੇ ਹਲਕੇ ਪਾਇਲ ਵਿੱਚ ਸਿਕਲੀਗਰ

ਭਾਈਚਾਰੇ ਨੂੰ ਉਜਾੜਿਆ ਗਿਆ ਸੀ। ਅਜੇ ਤੱਕ ਕਿਸੇ ਨੇ ਉਨ੍ਹਾਂ ਦੀ ਬਾਂਹ ਨਹੀਂ ਫੜੀ ਹੈ। ਉਨ੍ਹਾਂ ਦੇ ਘਰ ਕੱਚੇ ਹਨ ਤੇ ਉਹ ਬੜੀ ਮੁਸ਼ਕਲ ਹਾਲਤ ਵਿੱਚ ਰਹਿ ਰਹੇ ਹਨ।

ਇਸ ਤੋਂ ਇਲਾਵਾ ਲੋਕਲ ਬੱਸ ਸੇਵਾ ਜਿਹੜੀ ਸਾਹਨੇਵਾਲ ਤੱਕ ਆਉਂਦੀ ਹੈ, ਮੈਂ ਚਾਹੁੰਦਾ ਹਾਂ ਕਿ ਇਸ ਬੱਸ ਸਰਵਿਸ ਨੂੰ ਦੋਰਾਹੇ ਤੱਕ ਕੀਤਾ ਜਾਵੇ। ਇਸ ਦੇ ਨਾਲ ਹੀ ਦੋਰਾਹੇ ਤੋਂ ਚੰਡੀਗੜ੍ਹ ਤੱਕ ਸਵੇਰ-ਸ਼ਾਮ ਦੇ ਬੱਸਾਂ ਦੇ ਦੋ ਰੂਟ ਹੁੰਦੇ ਸਨ। ਮੈਂ ਚਾਹੁੰਦਾ ਹਾਂ ਕਿ ਇਹ ਦੋਨੋਂ ਰੂਟ ਬਹਾਲ ਕੀਤੇ ਜਾਣ ਕਿਉਂਕਿ ਸਾਡੇ ਬਹੁਤ ਸਾਰੇ ਬੱਚੇ ਦੋਰਾਹੇ ਤੋਂ ਚੰਡੀਗੜ੍ਹ ਪੜ੍ਹਨ ਆਉਂਦੇ ਹਨ, ਉਹ ਸਵੇਰੇ ਚੰਡੀਗੜ੍ਹ ਜਾ ਸਕਣ ਤੇ ਸ਼ਾਮ ਨੂੰ ਵਾਪਸ ਆ ਸਕਣ।

ਪਾਇਲ ਹਲਕੇ ਦੀਆਂ ਸੜਕਾਂ ਦਾ ਮੰਦਾ ਹਾਲ ਹੈ। ਮੈਂ ਚਾਹੁੰਦਾ ਹਾਂ ਕਿ ਉਹ ਸੜਕਾਂ ਬਣਾਈਆਂ ਜਾਣ। ਪਾਇਲ, ਦੋਰਾਹਾ ਨਗਰ ਕੌਂਸਲ ਵਿੱਚ ਸੀਵਰੇਜ਼ ਦੇ ਗੰਦੇ ਪਾਣੀ ਦੀ ਸਮੱਸਿਆ ਹੈ। ਮੈਂ ਇਸ ਸਬੰਧੀ ਸਵਾਲ ਪੁੱਛਿਆ ਸੀ ਪਰ ਉਸ ਦਾ ਉੱਤਰ ਮੈਨੂੰ ਅਧੂਰਾ ਦਿੱਤਾ ਗਿਆ ਔਰ ਉਸ ਵਿੱਚ ਅੱਧੀਆਂ ਲਾਈਨਾਂ ਕੱਟੀਆਂ ਹੋਈਆਂ ਸਨ। ਮੈਂ ਉਸ ਉੱਤਰ ਨੂੰ ਵਾਪਸ ਭੇਜਿਆ ਕਿ ਮੈਨੂੰ ਪੂਰਾ ਉੱਤਰ ਭੇਜਿਆ ਜਾਵੇ।

**ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ (ਧਰਮਕੋਟ)**: ਸਪੀਕਰ ਸਾਹਿਬ, ਮੈਂ ਅੱਜ ਤੁਹਾਡੇ ਮਾਧਿਅਮ ਰਾਹੀਂ ਬੜੇ ਅਹਿਮ ਮੁੱਦੇ ਤੇ ਸਵਾਲ ਚੁੱਕਣਾ ਚਾਹੁੰਦਾ ਹਾਂ ਕਿ ਪਿਛਲੇ ਸਮੇਂ ਵਿੱਚ ਰੁੱਖਾਂ ਦੀ ਬੜੀ ਕਟਾਈ ਹੋਈ ਹੈ, ਕਿਉਂਕਿ ਰੁੱਖ ਸਾਡੀ ਜ਼ਿੰਦਗੀ ਦਾ ਅਹਿਮ ਹਿੱਸਾ ਹਨ। ਮੈਂ ਚਾਹੁੰਦਾ ਹਾਂ ਕਿ ਸਰਕਾਰ ਕੋਈ ਇਹੋ ਜਿਹੀ ਠੋਸ ਪਾਲਿਸੀ ਲੈ ਕੇ ਆਵੇ ਜਿਸ ਨਾਲ ਰੁੱਖਾਂ ਦੀ ਕਟਾਈ ਰੋਕੀ ਜਾਵੇ।

ਸ.ਸ.-ਸ਼.ਜ./4:35/30.06.2022

ਜਿਵੇਂ ਆਪਣੀ ਪੰਚਾਇਤੀ ਜ਼ਮੀਨਾਂ/ਸ਼ਾਮਲਾਤ ਜ਼ਮੀਨਾਂ ਹੁੰਦੀਆਂ ਹਨ, ਉਨ੍ਹਾਂ ਵਿੱਚ 25 ਤੋਂ 30% ਰਾਖਵਾਂ ਕੀਤਾ ਜਾਵੇ, ਜਿਸ ਵਿੱਚ ਜੰਗਲ ਲਗਾਇਆ ਜਾਵੇ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਇੱਕ ਚੀਜ਼ ਹੋਰ ਜ਼ਰੂਰੀ ਕੀਤੀ ਜਾਵੇ ਕਿ ਜਿਸ ਮੋਟਰ ਉੱਪਰ ਜਗ੍ਹਾ ਹੈ, ਉੱਥੇ ਘੱਟੋ-ਘੱਟ ਪੰਜ ਰੁੱਖ ਜ਼ਰੂਰੀ ਕੀਤੇ ਜਾਣ। ਇੱਥੇ ਬਿਜਲੀ ਮੰਤਰੀ ਵੀ ਬੈਠੇ ਹਨ। ਇਹ ਜ਼ਰੂਰ ਕਾਨੂੰਨ ਬਣਾਇਆ ਜਾਵੇ ਕਿ ਪੰਜ ਦਰੱਖਤ ਇੱਕ ਮੋਟਰ ਤੇ ਹੋਣਗੇ।

**ਸਰਦਾਰ ਚੇਤਨ ਸਿੰਘ ਜੋੜਾਮਾਜਰਾ (ਸਮਾਣਾ):** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਜ਼ੀਰੋ ਆਵਰ ਵਿੱਚ ਬਹੁਤ ਅਹਿਮ ਮੁੱਦਾ ਸਦਨ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿਉਂਕਿ ਮੋਹਾਲੀ ਦੇ ਨੇੜੇ ਗਮਾਡਾ ਦੀ ਨਵੀਂ ਟਾਊਨਸ਼ਿਪ ਐਰੋਪੋਲਿਸ ਹੈ: ਉਸ ਦੇ ਏ., ਬੀ., ਸੀ. ਅਤੇ ਡੀ., ਬਲਾਕ ਬਣਦੇ ਹਨ। ਉੱਥੇ ਕਿਸਾਨਾਂ ਤੋਂ ਲੈਂਡ ਪੂਲਿੰਗ ਰਾਹੀਂ ਜ਼ਮੀਨ ਲਈ ਗਈ ਹੈ, ਉਸ ਵਿੱਚ ਏਕੜ ਮਗਰ ਕਿਸਾਨ ਨੂੰ ਇੱਕ ਹਜ਼ਾਰ

ਗਜ਼ ਰੈਜ਼ੀਡੈਂਸ਼ੀਅਲ ਅਤੇ 200 ਗਜ਼ ਕਮਰਸ਼ੀਅਲ ਜ਼ਮੀਨ ਦਿੱਤੀ ਜਾਂਦੀ ਹੈ। ਫਿਰ ਕੁਝ ਅਫਸਰਸ਼ਾਹੀ ਅਤੇ ਕੁਝ ਵੱਡੇ ਪ੍ਰਾਪਰਟੀ ਡੀਲਰ ਮਿਲ ਕੇ ਕਰੋੜਾਂ ਰੁਪਏ ਦਾ ਘਪਲਾ ਇੱਥੇ ਕਰ ਰਹੇ ਹਨ, ਉੱਥੇ ਕੰਟਰੈਕਟ ਫਾਰਮਿੰਗ ਦੇ ਨਾਮ ਤੇ ਬਾਗਬਾਨੀ ਦੇ ਤੌਰ ਤੇ ਅਮਰੂਦਾਂ ਦੇ ਬੂਟੇ ਲਗਾਏ ਜਾਂਦੇ ਹਨ। ਜਿੱਥੋਂ ਕੋਈ ਮਿਲੀਭੁਗਤ ਕਰਕੇ ਕੁਝ ਲੋਕਾਂ ਨੂੰ ਜਿਹੜੇ ਪ੍ਰਾਪਰਟੀ ਡੀਲਰਾਂ ਤੋਂ ਖਰੀਦੀ ਹੋਈ ਪ੍ਰਾਪਰਟੀ ਹੈ, ਉਨ੍ਹਾਂ ਨੂੰ 35 ਲੱਖ ਰੁਪਏ ਤੋਂ ਲੈ ਕੇ 80 ਲੱਖ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਂਦਾ ਹੈ, ਜਿਹੜੇ ਦੋ-ਢਾਈ ਸਾਲ ਦੇ ਬੂਟੇ ਹਨ। ਜਿਹੜੇ ਕਿਸਾਨ ਹਨ, ਉਨ੍ਹਾਂ ਨੂੰ ਉਸ ਦੇ ਬਦਲੇ ਕਿਉਂਕਿ ਉਨ੍ਹਾਂ ਦੀ ਕੋਈ ਮਿਲੀਭੁਗਤ ਨਹੀਂ ਹੈ, ਉਨ੍ਹਾਂ ਨੂੰ ਤਿੰਨ ਲੱਖ ਤੋਂ ਲੈ ਕੇ ਚਾਰ ਲੱਖ ਦਿੱਤਾ ਜਾਂਦਾ ਹੈ। ਸੋ, ਮੈਂ ਆਪ ਜੀ ਦੇ ਮਾਧਿਅਮ ਰਾਹੀਂ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ, ਇਹ ਬਹੁਤ ਅਹਿਮ ਮਸਲਾ ਹੈ। ਜਿੰਨਾ ਜਲਦੀ ਹੋ ਸਕੇ ਇਸ ਦੀ ਇਨਕੁਆਰੀ ਕੀਤੀ ਜਾਣੀ ਚਾਹੀਦੀ ਹੈ। ਧੰਨਵਾਦ ਜੀ।

**ਡਾਕਟਰ ਅਮਨਦੀਪ ਕੌਰ ਅਰੋੜਾ (ਮੋਗਾ):** ਮਾਨਯੋਗ ਸਪੀਕਰ ਸਾਹਿਬ, ਬਹੁਤ-ਬਹੁਤ ਧੰਨਵਾਦ। ਅੱਜ ਮੈਂ ਸਦਨ ਵਿੱਚ ਪਹਿਲੀ ਵਾਰ ਬੋਲ ਰਹੀ ਹਾਂ। ਸੋ, ਮੈਂ ਅੱਜ ਤੁਹਾਡਾ ਸਾਰਿਆਂ ਦਾ ਅਤੇ ਮੋਗਾ ਦੇ ਹਲਕਾ ਨਿਵਾਸੀਆਂ ਦਾ ਧੰਨਵਾਦ ਕਰਨਾ ਚਾਹੁੰਦੀ ਹਾਂ ਕਿ ਉਨ੍ਹਾਂ ਨੇ ਮੈਨੂੰ ਚੁਣ ਕੇ ਇਸ ਪਵਿੱਤਰ ਸਦਨ ਵਿੱਚ ਭੇਜਿਆ ਹੈ। ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਸਦਨ ਦਾ ਧਿਆਨ ਪੰਜਾਬ ਵਿੱਚ ਲੋੜੀਂਦੇ ਬੁਨਿਆਦੀ ਅਤੇ ਐਡਵਾਂਸਡ ਹੈਲਥ ਕੇਅਰ ਇਨਫਰਾਸਟਰੱਕਚਰ ਵੱਲ ਦਿਵਾਉਣਾ ਚਾਹੁੰਦੀ ਹਾਂ। ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਸਾਡੀ ਸਰਕਾਰ ਵੱਲੋਂ ਜਨਤਕ ਸਿਹਤ ਸੰਭਾਵਲ ਤੇ ਬੁਨਿਆਦੀ ਢਾਂਚੇ ਨੂੰ ਬਿਹਤਰ ਕਰਨ ਦੇ ਬਹੁਤ ਸਾਰੇ ਕਾਰਗਰ ਉਪਾਅ ਕੀਤੇ ਜਾ ਰਹੇ ਹਨ। ਮੈਂ ਆਪਣੇ ਹਲਕੇ ਮੋਗਾ ਦੇ ਲੋਕਾਂ ਦੀਆਂ ਜ਼ਰੂਰਤਾਂ ਤੇ ਸਹੂਲਤਾਂ ਦੇ ਆਧਾਰ ਤੇ ਇਹ ਅਹਿਸਾਸ ਕੀਤਾ ਹੈ ਕਿ ਸਾਡੇ ਕੋਲ ਜਿਹੜੇ ਪ੍ਰਾਇਮਰੀ ਹੈਲਥ ਸੈਂਟਰ ਅਤੇ ਡਿਸਪੈਂਸਰੀਆਂ ਹਨ, ਉਨ੍ਹਾਂ ਵਿੱਚ ਮਾਡਰਨ ਇਕਵਿਪਮੈਂਟ ਅਤੇ ਕੁਆਲੀਫਾਈਡ ਸਟਾਫ ਦੀ ਬਹੁਤ ਘਾਟ ਹੈ। ਇਸ ਦੇ ਨਾਲ ਹੀ ਇਨ੍ਹਾਂ ਥਾਵਾਂ ਤੇ ਕੰਪੀਟੈਂਟ ਅਤੇ ਸਪੈਸ਼ਲਿਸਟ ਡਾਕਟਰਜ਼ ਦੀ ਵੀ ਬਹੁਤ ਸ਼ਾਰਟੇਜ ਹੈ ਕਿਉਂਕਿ ਜ਼ਿਆਦਾਤਰ ਕੁਆਲੀਫਾਈਡ ਡਾਕਟਰਜ਼ ਇਨ੍ਹਾਂ ਥਾਵਾਂ ਤੇ ਬੁਨਿਆਦੀ ਸਹੂਲਤਾਂ ਦੀ ਘਾਟ ਦੇ ਚੱਲਦਿਆਂ ਅਰਬਨ, ਪ੍ਰਾਈਵੇਟ ਅਤੇ ਸੈਂਟਰਲ ਹਸਪਤਾਲਾਂ ਵਿੱਚ ਹੀ ਰਹਿਣਾ ਚਾਹੁੰਦੇ ਹਨ। ਅਜਿਹੀ ਸਥਿਤੀ ਵਿੱਚ ਸਾਨੂੰ ਪੰਜਾਬ ਦੇ ਹਰ ਜ਼ਿਲ੍ਹੇ ਦੇ ਪ੍ਰਾਇਮਰੀ ਅਤੇ ਸਿਵਲ ਹਸਪਤਾਲਾਂ ਨੂੰ ਆਧੁਨਿਕ ਪ੍ਰਾਈਵੇਟ ਹਸਪਤਾਲਾਂ ਦੀ ਤਰਜ਼ ਤੇ ਇੰਪਰੂਵ ਕਰਨ ਦੀ ਲੋੜ ਹੈ ਜਿਸ ਨਾਲ ਸਾਨੂੰ ਇਨ੍ਹਾਂ ਸੰਸਥਾਵਾਂ ਵਿੱਚ ਲੇਟੈਸਟ ਮੈਡੀਕਲ ਇਕਵਿਪਮੈਂਟਜ਼ ਦੇ ਨਾਲ ਨਾਲ ਸਪੈਸ਼ਲਿਸਟ ਡਾਕਟਰਜ਼ ਤੇ ਪੈਰਾ ਮੈਡੀਕਲ ਸਟਾਫ ਮੁਹੱਈਆ ਕਰਵਾਉਣ ਦੀ ਕੋਸ਼ਿਸ਼ ਕਰਨੀ ਪਵੇਗੀ। ਇਸ ਸਥਿਤੀ ਦੇ ਆਧਾਰ ਤੇ ਮੈਂ ਆਪ ਰਾਹੀਂ ਸਦਨ ਨੂੰ ਬੇਨਤੀ ਕਰਨਾ ਚਾਹਵਾਂਗੀ ਕਿ ਸਿਰਫ ਮੋਗਾ ਹੀ ਨਹੀਂ

ਬਲਕਿ ਸੂਬੇ ਦੇ ਸਾਰੇ ਜ਼ਿਲ੍ਹਿਆਂ ਵਿੱਚ ਰੂਰਲ ਅਤੇ ਅਰਬਨ ਹੈਲਥ ਇਨਫਰਾਸਟਰੱਕਚਰ ਨੂੰ ਇੰਪਰੂਵ ਕਰਨ ਲਈ ਕੇਵਲ ਹੈਲਥ ਹੀ ਨਹੀਂ ਸਗੋਂ ਹੋਰ ਖੇਤਰਾਂ ਨੂੰ ਵੀ ਨਾਲ ਲੈ ਕੇ ਇੱਕ ਤਾਲਮੇਲ ਕਾਇਮ ਕਰਨ ਦੀ ਅਤੇ ਬਹੁ-ਖੇਤਰੀ ਪਹੁੰਚ ਅਪਣਾਉਣ ਦੀ ਲੋੜ ਹੈ ਜਿਸ ਵਿੱਚ ਰਹਿਣ-ਸਹਿਣ ਦੀਆਂ ਸਥਿਤੀਆਂ, ਪੀਣਯੋਗ ਪਾਣੀ, ਮਿਲਾਵਟ ਰਹਿਤ ਭੋਜਨ, ਸੈਨੀਟੇਸ਼ਨ ਅਤੇ ਸਿਹਤ ਦੀਆਂ ਸਹੂਲਤਾਂ ਤੇ ਸਮਾਜਿਕ ਸੁਰੱਖਿਆ ਵਰਗੇ ਸਿਹਤ ਦੇ ਸਾਰੇ ਸਮਾਜਿਕ ਨਿਰਧਾਰਕਾਂ ਨੂੰ ਨਾਲ ਲੈ ਕੇ ਚਲਣਾ ਬਹੁਤ ਲਾਹੇਵੰਦ ਹੋਵੇਗਾ। ਇਹ ਬਹੁਤ ਉਤਸ਼ਾਹਜਨਕ ਹੈ ਕਿ ਸਾਡੀ ਸਰਕਾਰ ਨੇ ਪਿਛਲੇ ਸਾਲ ਦੇ ਮੁਕਾਬਲੇ ਸਿਹਤ ਤੇ ਪਰਿਵਾਰ ਭਲਾਈ ਖੇਤਰ ਦੇ ਬਜਟ ਵਿੱਚ 15% ਦਾ ਵਾਧਾ ਕੀਤਾ ਹੈ। ਇਹ ਸੁਧਾਰ ਦਰਸਾਉਂਦਾ ਹੈ ਕਿ ਅਸੀਂ ਆਉਣ ਵਾਲੇ ਸਾਲਾਂ ਦੌਰਾਨ ਪੰਜਾਬ ਵਿੱਚ ਇੱਕ ਵਧੀਆ ਅਤੇ ਬਿਹਤਰ ਸਿਹਤ ਢਾਂਚੇ ਦੀ ਉਮੀਦ ਕਰ ਸਕਦੇ ਹਾਂ। ਸਪੀਕਰ ਸਾਹਿਬ, ਬਹੁਤ-ਬਹੁਤ ਧੰਨਵਾਦ।

ਗ.ਕੌ./ਹ.ਸ/4.40/30.06.2022

**ਮੁਹੰਮਦ ਜਮੀਲ ਉਰ ਰਹਿਮਾਨ (ਮਲੇਰਕੋਟਲਾ):** ਸਪੀਕਰ ਸਾਹਿਬ, ਮਲੇਰਕੋਟਲਾ ਦੀ ਧਰਤੀ ਪੀਰਾਂ ਫਕੀਰਾਂ ਦੀ ਧਰਤੀ ਹੈ। ਇੱਜ਼ਤਮੁਆਬ ਸਪੀਕਰ ਸਾਹਿਬ, ਪਿਛਲੇ ਤਿੰਨ ਮਹੀਨਿਆਂ ਦੌਰਾਨ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਮਾਨਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਰਹਿਨੁਮਾਈ ਹੇਠ ਇਤਿਹਾਸਕ ਕੰਮ ਕੀਤੇ ਹਨ। ਮੈਂ ਉਨ੍ਹਾਂ ਦਾ ਸ਼ੁਕਰੀਆ ਅਦਾ ਕਰਦਾ ਹਾਂ।

**"गुल फेंके हैं औरों की तरफ बलकि समर भी एखानाबरन्दाग चमन कुछ तो इधर भी"।**

**ਮਾਨਯੋਗ ਸਪੀਕਰ:** ਜਿਹੜਾ ਸ਼ੇਅਰ ਬੋਲਿਆ ਗਿਆ ਹੈ ਉਸ ਦਾ ਅਰਥ ਵੀ ਸਮਝਾ ਦਿਉ। (ਹਾਸਾ)

**ਮੁਹੰਮਦ ਜਮੀਲ ਉਰ ਰਹਿਮਾਨ:** ਮਲੇਰਕੋਟਲਾ ਦੀ ਧਰਤੀ ਤੇ ਨਵਾਬ ਸ਼ੇਰ ਮੁਹੰਮਦ ਖਾਨ ਸਾਹਿਬ ਦੇ ਨਾਮ ਤੇ ਪੰਜਾਬੀ ਯੂਨੀਵਰਸਿਟੀ ਵੱਲੋਂ ਸਾਲ 1988 ਤੋਂ ਇੰਸਟੀਚਿਊਟ ਆਫ ਐਡਵਾਂਸ ਸਟੱਡੀਜ਼ ਚਲਾਇਆ ਜਾ ਰਿਹਾ ਹੈ। ਮੈਨੂੰ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਉੱਥੇ ਉਹ ਇੰਸਟੀਚਿਊਟ ਅੱਜ ਤੱਕ ਕਿਰਾਏ ਦੀ ਬਿਲਡਿੰਗ ਵਿੱਚ ਚੱਲ ਰਿਹਾ ਹੈ। ਪਿਛਲੀਆਂ ਸਰਕਾਰਾਂ ਦੌਰਾਨ ਮੁੱਖ ਮੰਤਰੀ ਸਾਹਿਬਾਨ ਮਲੇਰਕੋਟਲਾ ਜਾ ਕੇ ਐਲਾਨ ਕਰਦੇ ਰਹੇ ਕਿ ਅਸੀਂ ਨਵਾਬ ਸ਼ੇਰ ਮੁਹੰਮਦ ਖਾਨ ਸਾਹਿਬ ਦੇ ਇੰਸਟੀਚਿਊਟ ਲਈ ਬਹੁਤ ਵਧੀਆ ਬਿਲਡਿੰਗ ਬਣਾ ਕੇ ਦੇਵਾਂਗੇ ਲੇਕਿਨ ਅੱਜ ਤੱਕ ਕੁਝ ਨਹੀਂ ਕੀਤਾ ਗਿਆ। ਮੈਨੂੰ ਉਮੀਦ ਹੈ ਕਿ ਆਮ ਆਦਮੀ

ਪਾਰਟੀ ਦੀ ਸਰਕਾਰ ਵੱਲੋਂ ਇਸ ਵੱਲ ਪੂਰਾ ਧਿਆਨ ਦਿੱਤਾ ਜਾਵੇਗਾ ਅਤੇ ਉੱਥੇ ਜਿਹੜੀਆਂ 13 ਪੋਸਟਾਂ ਖਾਲੀ ਪਈਆਂ ਹਨ ਉਹ ਵੀ ਫਿਲਅਪ ਕੀਤੀਆਂ ਜਾਣਗੀਆਂ। ਉੱਥੇ 2-3 ਪੋਸਟਾਂ ਹੀ ਫਿਲਅਪ ਹਨ।

**ਮਾਨਯੋਗ ਸਪੀਕਰ:** ਹੁਣ ਉਹ ਸ਼ੇਅਰ ਦਾ ਮਤਲਬ ਦੱਸ ਦਿਉ। ਜਮੀਲ ਜੀ, ਉਸ ਸ਼ੇਅਰ ਦਾ ਮਤਲਬ ਦੱਸ ਦਿਉ ਜੀ ਜਿਹੜਾ ਸੁਣਾਇਆ ਸੀ। (ਹਾਸਾ)

**ਮੁਹੰਮਦ ਜਮੀਲ ਉਰ ਰਹਿਮਾਨ:** ਸ਼ੇਅਰ ਦਾ ਮਤਲਬ ਤਾਂ ਇਹੀ ਹੈ ਕਿ ਮਲੇਰਕੋਟਲਾ ਵਿੱਚ ਜਿਹੜੀਆਂ ਅਧੂਰੀਆਂ ਪਈਆਂ ਚੀਜ਼ਾਂ ਹਨ, ਉਨ੍ਹਾਂ ਵੱਲ ਵੀ ਧਿਆਨ ਦਿੱਤਾ ਜਾਵੇ। (ਹਾਸਾ) ਮੇਰਾ ਦੂਸਰਾ ਸਵਾਲ ਇਹ ਹੈ।

**ਮਾਨਯੋਗ ਸਪੀਕਰ:** ਨਹੀਂ ਜੀ। ਇੱਕੋ ਹੀ ਸਵਾਲ ਹੁੰਦਾ ਹੈ ਜਾਂ ਤਾਂ ਇੱਕ ਸ਼ੇਅਰ ਹੋਰ ਸੁਣਾ ਦਿਉ। ਬਿਨਾਂ ਸ਼ੇਅਰ ਤੋਂ ਸਮਾਂ ਨਹੀਂ ਮਿਲਣਾ (ਹਾਸਾ)

**ਮੁਹੰਮਦ ਜਮੀਲ ਉਰ ਰਹਿਮਾਨ (ਮਲੇਰਕੋਟਲਾ):** ਮੈਂ ਇੱਕ ਸ਼ੇਅਰ ਹੋਰ ਸੁਣਾ ਦਿੰਦਾ ਹਾਂ ਜੀ।

**"ये कैसा दसतूर है जुबाबंदी है तेरी महफल में,**
**यहाँ तो बात करने को तरसती है जुबां मेरी"।** (ਹਾਸਾ)

ਇਕੱਲਾ ਮੁਸ਼ਇਰਾ ਨਹੀਂ ਚੱਲਣਾ। ਮੇਰੇ ਮਸਲੇ ਵੀ ਸੁਣੋ।(ਹਾਸਾ) ਮੈਂ ਆਪਣੇ ਲੋਕਾਂ ਦੇ ਸਾਹਮਣੇ ਵੀ ਜਵਾਬਦੇਹ ਹਾਂ।

ਦੂਸਰਾ ਮਸਲਾ ਇਹ ਹੈ ਕਿ ਪੰਜਾਬ ਉਰਦੂ ਅਕੈਡਮੀ ਜੋ ਕਿ ਮਲੇਰਕੋਟਲੇ ਵਿੱਚ ਸਥਿਤ ਹੈ ਅਤੇ ਇਸ ਦੀ ਗਵਰਨਿੰਗ ਬਾਡੀ ਦੇ ਚੇਅਰਮੈਨ ਮਾਨਯੋਗ ਮੁੱਖ ਮੰਤਰੀ ਸਾਹਿਬ ਹਨ, ਸੰਵਿਧਾਨ ਅਨੁਸਾਰ ਔਰ ਸਾਡੇ ਮਾਨਯੋਗ ਵਜ਼ੀਰ-ਏ-ਤਾਲੀਮ ਉਸ ਦੇ ਸੀਨੀਅਰ ਵਾਈਸ ਚੇਅਰਮੈਨ ਹਨ। ਐਮ.ਐਲ.ਏ. ਮਲੇਰਕੋਟਲਾ ਉਸ ਦੇ ਵਾਈਸ ਚੇਅਰਮੈਨ ਹਨ। ਉਸ ਉਰਦੂ ਅਕੈਡਮੀ ਵਿੱਚ ਇੱਕ ਅਕਾਊਂਟੈਂਟ ਹੈ ਅਤੇ ਇੱਕ ਕਲਰਕ ਹੈ। ਉੱਥੇ ਵੀ ਸਾਰੀਆਂ ਪੋਸਟਾਂ ਖਾਲੀ ਪਈਆਂ ਹਨ। ਮੈਂ ਬੇਨਤੀ ਕਰਾਂਗਾ ਕਿ ਉਸ ਵੱਲ ਵੀ ਧਿਆਨ ਦਿੱਤਾ ਜਾਵੇ। ਉਹ ਪੋਸਟਾਂ ਵੀ ਫਿਲਅਪ ਕੀਤੀਆਂ ਜਾਣ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ (ਜਗਰਾਉਂ, ਐਸ.ਸੀ.) :** ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਮੈਂ ਆਪਣੇ ਹਲਕੇ ਜਗਰਾਉਂ ਦੀ ਗੱਲ ਕਰਾਂਗੀ ਜਿੱਥੇ ਲਾਲਾ ਲਾਜਪਤ ਰਾਏ ਜੀ ਦੀ ਜੱਦੀ ਭੂਮੀ ਹੈ। ਇੱਥੇ

ਸਾਨੂੰ ਮਾਣ ਮਹਿਸੂਸ ਹੈ ਕਿ ਬਾਬਾ ਨੰਦ ਸਿੰਘ ਜੀ ਦੀ ਜਨਮ ਭੂਮੀ ਵੀ ਇਹੀ ਹੈ। ਮੈਂ ਇੱਥੇ ਸਾਇੰਸ ਕਾਲਜ ਬਾਰੇ ਗੱਲ ਕਰਨਾ ਚਾਹੁੰਦੀ ਹਾਂ ਕਿ ਜਿਹੜਾ ਸਰਦਾਰ ਲਛਮਣ ਸਿੰਘ ਗਿੱਲ ਜੀ ਨੇ ਆਪਣੇ ਸਮੇਂ ਤੇ ਬਹੁਤ ਜੱਦੋ ਜਹਿਦ ਨਾਲ ਨਾਰਥ ਏਸ਼ੀਆ ਦਾ ਦੂਸਰਾ ਵੱਡਾ ਕਾਲਜ ਹੈ, ਉਹ ਚਲਾਇਆ ਸੀ। ਬਹੁਤ ਸਾਰੇ ਅਫਸਰ ਸਾਹਿਬਾਨ ਇੱਥੋਂ ਪੜ੍ਹ ਕੇ ਅਫਸਰ ਬਣੇ। ਪਰ ਅੱਜ ਇਹ ਕਾਲਜ ਬਿਲਕੁਲ ਖਸਤਾ ਹਾਲਤ ਵਿੱਚ ਹੈ। ਇੱਥੇ ਹੌਲੀ ਹੌਲੀ ਸਟਾਫ ਘਟਣ ਦੇ  ਨਾਲ ਨਾਲ ਬੱਚਿਆਂ ਦੀ ਵੀ ਘਾਟ ਹੋ ਗਈ ਹੈ। ਸਾਡੇ ਮੰਤਰੀ ਸਾਹਿਬ ਪਹਿਲਾਂ ਕਹਿ ਰਹੇ ਸਨ ਕਿ ਕੋਈ ਐਸੀ ਜਗ੍ਹਾ ਪਿੰਡਾਂ ਵਿੱਚੋਂ ਲੈ ਲਵੋ ਜਾਂ ਸ਼ਹਿਰ ਵਿੱਚੋਂ ਖਰੀਦ ਲਵੋ ਜਿੱਥੇ ਅਸੀਂ ਸਟੇਡੀਅਮ ਬਣਾ ਦੇਈਏ। ਇੱਥੇ ਬਹੁਤ ਵੱਡੀ ਜਗ੍ਹਾ ਪਈ ਹੈ ਜਿਹੜੀ ਕਿਤੇ ਯੂਜ਼ ਹੀ ਨਹੀਂ ਕੀਤੀ ਜਾ ਰਹੀ। ਇਸੇ ਜਗ੍ਹਾ ਤੇ ਸਟੇਡੀਅਮ ਬਣਾਇਆ ਜਾ ਸਕਦਾ ਹੈ। ਇੱਥੇ ਸਾਡੇ ਸ਼ਹੀਦ ਕਰਨੈਲ ਸਿੰਘ ਈਸੜੂ ਜੀ ਜਿੱਥੇ ਆਪ ਪੜ੍ਹੇ ਹਨ, ਉੱਥੇ ਉਨ੍ਹਾਂ ਦਾ basic ਸਕੂਲ ਹੈ, ਅੱਜ ਉਹ ਵੀ ਬਹੁਤ ਖਸਤਾ ਹਾਲਤ ਵਿੱਚ ਹੈ। ਮੇਰੀ ਸਰਕਾਰ ਨੂੰ ਇਹੀ ਬੇਨਤੀ ਹੈ ਕਿ ਇਨ੍ਹਾਂ ਦੋਵਾਂ ਜਗ੍ਹਾ ਵੱਲ ਵੀ  ਧਿਆਨ ਦਿੱਤਾ ਜਾਵੇ।

ਕੁ.ਕ/ਹ.ਸ.ਟ/4.45/30.06.2022

ਇੱਕ ਅਖੀਰਲੀ ਗੁਜਾਰਿਸ਼ ਇਹ ਹੈ ਕਿ ਕਿਸੇ ਨਾ ਕਿਸੇ ਸਰਕਾਰੀ ਕਾਲਜ ਦੇ ਵਿੱਚ ਸਾਡੇ ਸ਼ਹੀਦ ਪੜ੍ਹੇ ਹੋਏ ਹਨ। ਮੇਰੀ ਸਰਕਾਰ ਅੱਗੇ ਇਹ ਬੇਨਤੀ ਹੈ ਕਿ ਕਿਰਪਾ ਕਰਕੇ ਇਨ੍ਹਾਂ ਸ਼ਹੀਦਾਂ ਦੀ ਇੱਕ-ਇੱਕ ਚੇਅਰ ਉਸ ਕਾਲਜ ਜਾਂ ਸਕੂਲ ਵਿੱਚ ਜ਼ਰੂਰ ਲਗਾਈ ਜਾਵੇ ਤਾਂ ਕਿ ਉੱਥੇ ਪੜ੍ਹਨ ਵਾਲੇ ਬੱਚਿਆਂ ਨੂੰ ਪਤਾ ਲੱਗੇ ਕਿ ਅਸੀਂ ਕਿਸ ਮਹਾਨ ਸ਼ਖਸੀਅਤ ਦੇ ਕਾਲਜ ਵਿੱਚ ਪੜ੍ਹ ਰਹੇ ਹਾਂ।(ਥੰਪਿੰਗ) ਬਹੁਤ-ਬਹੁਤ ਧੰਨਵਾਦ, ਸਪੀਕਰ ਸਾਹਿਬ।

**ਸਰਦਾਰ ਪਰਗਟ ਸਿੰਘ ਪੋਆਰ (ਜਲੰਧਰ ਕੈਂਟ):** ਸਪੀਕਰ ਸਾਹਿਬ, ਧੰਨਵਾਦ ਜੀ। ਮੈਂ ਤਾਂ ਸਿਰਫ ਤੁਹਾਡੇ ਮਾਰਫਤ ਸਰਕਾਰ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ। ਸਿਸਟਮ ਦੇ ਵਿੱਚ ਛੋਟੇ ਤੋਂ ਛੋਟੇ ਇੰਪਲਾਈ ਦਾ ਵੀ ਇੱਕ ਆਫਿਸ ਹੁੰਦਾ ਹੈ। ਆਪਾਂ ਨੂੰ ਚੰਗੀ ਡੈਮੋਕਰੇਸੀ ਨੂੰ follow ਕਰੀਏ ਜਿਹੜੀ ਇੱਥੋਂ communication ਐਮ.ਐਲ.ਏਜ਼. ਨੂੰ ਹੁੰਦੀ ਹੈ। ਸੋ, ਉਨ੍ਹਾਂ ਦੀ constituency ਦੇ ਵਿੱਚ ਐਮ.ਐਲ.ਏ ਦਾ ਆਫਿਸ ਹੋਣਾ ਚਾਹੀਦਾ ਹੈ।(ਟਰੇਜ਼ਰੀ ਬੈਂਚਿੰਜ਼ ਵੱਲੋਂ ਇੱਕ ਆਵਾਜ਼: ਵੈਰੀ ਗੁੱਡ)

ਐਮ.ਐਲ.ਏਜ਼ ਦੇ ਕੋਲ ਟਰੇਨਡ ਸਟਾਫ ਹੋਣਾ ਚਾਹੀਦਾ ਹੈ। ਕਈ ਵਾਰੀ ਅਸੀਂ ਐਮ.ਐਲ.ਏਜ਼ ਨੂੰ ਤਰਸ ਦੇ ਆਧਾਰ ਤੇ ਰੱਖ ਦਿੰਦੇ ਹਾਂ ਕਿ ਇਹ ਤਾਂ ਪਾਲੀਟਿਸ਼ਨ ਹੈ, ਪਾਲੀਟਿਸ਼ਨ ਤਾਂ ਇਸ ਤਰ੍ਹਾਂ ਦਾ ਹੀ ਹੁੰਦਾ ਹੈ। ਸੋ, ਆਪਾਂ ਹਰ ਐਮ.ਐਲ.ਏ. ਦਾ ਇੱਕ-ਇੱਕ ਆਫਿਸ ਬਣਾਈਏ। ਐਮ.ਐਲ.ਏ., ਸਿਸਟਮ ਦੇ ਵਿੱਚ

ਅਤੇ ਲੋਕਾਂ ਦੇ ਵਿੱਚ ਇੱਕ ਕੜੀ ਦਾ ਕੰਮ ਕਰਦਾ ਹੈ। ਉਸ ਦੇ ਲਈ ਮੈਂ ਜ਼ਰੂਰ ਬੇਨਤੀ ਕਰਾਂਗਾ ਕਿਉਂਕਿ ਆਪਾਂ ਸਾਰੇ ਹੀ ਚਾਹੁੰਦੇ ਹਾਂ ਕਿ ਆਪਣੇ-ਆਪਣੇ ਹਲਕੇ ਵਿੱਚ ਇੱਕ ਆਫਿਸ ਹੋਵੇ। ਦੂਸਰੀ ਗੱਲ ਇਹ ਵੀ ਹੈ ਕਿ ਕਈ ਵਾਰੀ ਆਫਿਸਰਜ਼ ਐਮ.ਐਲ.ਏ. ਦੇ ਆਫਿਸ ਜਾਣ ਤੋਂ ਕੰਨੀਂ ਕਤਰਾਉਂਦੇ ਹਨ ਤੇ ਕਈ ਵਾਰੀ ਐਮ.ਐਲ.ਏ. ਆਫਿਸਰ ਦੇ ਆਫਿਸ ਜਾਣ ਤੋਂ ਕੰਨੀਂ ਕਤਰਾਉਂਦਾ ਹੈ। ਸੋ, ਇਸ ਕਰਕੇ ਇਸ ਨੂੰ ਕਿਤੇ ਨਾ ਕਿਤੇ ਨੇੜੇ ਲਿਆਂਦਾ ਜਾਵੇ। ਬਿਊਰੋਕਰੇਸੀ ਅਤੇ ਪਾਲੀਟਿਕਲ ਬੰਦਿਆਂ ਦੇ ਵਿੱਚ ਜੇਕਰ ਪਾਜ਼ੀਟਿਵ ਕੰਟਰੀਬਿਊਸ਼ਨ ਹੋਵੇਗੀ ਤੇ ਪਾਜ਼ੀਟਿਵ ਰੋਲ ਹੋਵੇਗਾ ਤਾਂ ਅਸੀਂ better democracy run ਕਰ ਸਕਦੇ ਹਾਂ। Thank you, Speaker Sahib.

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ):** ਮਿਹਰਬਾਨੀ ਸਪੀਕਰ ਸਾਹਿਬ। ਆਪਣੇ ਵੀਰ ਮੁਹੰਮਦ ਜਮੀਲ ਉਰ ਰਹਿਮਾਨ ਸਾਹਿਬ ਦੀ ਸ਼ਾਇਰੋ-ਸ਼ਾਇਰੀ ਤੋਂ ਪ੍ਰਭਾਵਿਤ ਹੋ ਕੇ ਮੈਂ ਸੋਚਿਆ ਕਿ ਇਨ੍ਹਾਂ ਦੀ ਕੁਝ ਮਦਦ ਕਰੀਏ। ਸੰਗਰੂਰ ਦੀ ਜਿਹੜੀ ਪਾਰਲੀਮੈਂਟ ਦੀ ਬਾਇ-ਇਲੈਕਸ਼ਨ ਹੋ ਕੇ ਹਟੀ ਹੈ। ਮੈਨੂੰ ਵੀ ਇਨ੍ਹਾਂ ਦੇ ਸ਼ਹਿਰ ਵਿੱਚ ਜਾਣ ਦਾ ਮੌਕਾ ਮਿਲਿਆ ਸੀ। ਇਨ੍ਹਾਂ ਨੇ ਦੋ ਚੀਜ਼ਾਂ ਦੀ ਮੰਗ ਕੀਤੀ ਹੈ। ਤੀਜੀ ਮੰਗ ਜਿਹੜੀ ਕਿ ਇਹ ਭੁੱਲ ਗਏ ਹਨ, ਉਹ ਮੈਂ ਯਾਦ ਕਰਵਾਉਣਾ ਚਾਹੁੰਦਾ ਹਾਂ। ਪਿਛਲੀ ਗੌਰਮਿੰਟ ਵਿੱਚ ਸੈਂਟਰਲ ਗੌਰਮਿੰਟ ਨੇ ਇੱਕ Minority Medical College ਮਲੇਰਕੋਟਲੇ ਵਿੱਚ only for minorities ਦਿੱਤਾ ਗਿਆ ਸੀ। ਜਦੋਂ ਮੈਂ ਇਨ੍ਹਾਂ ਦੇ ਸ਼ਹਿਰ ਵਿੱਚ ਗਿਆ ਸੀ ਤਾਂ ਮੈਨੂੰ ਇਸ ਤਰ੍ਹਾਂ ਲੱਗਾ ਸੀ ਕਿ ਸ਼ਾਇਦ ਇਸ ਕਾਲਜ ਨੂੰ ਸ਼ਿਫਟ ਕਰਨ ਦੀ ਪ੍ਰਪੋਜ਼ਲ ਹੈ, from Malerkotla to somewhere else in Sangrur. ਇਸ ਦੇ ਵਾਸਤੇ ਗੌਰਮਿੰਟ ਆਪਣੀ ਕਲੀਅਰੈਂਸ ਦੇ ਦੇਵੇ। ਮੈਂ ਬੇਨਤੀ ਵੀ ਕਰਾਂਗਾ because ਜਿਹੜੀ Muslim minority ਹੈ, they are basically stationed in Malerkotla. ਇਨ੍ਹਾਂ ਦਾ ਦਸਵੀਂ ਪਾਤਸ਼ਾਹੀ ਦੇ ਛੋਟੇ ਸਾਹਿਬਜ਼ਾਦਿਆਂ ਦੇ ਸਮੇਂ ਇਨ੍ਹਾਂ ਦਾ ਬਹੁਤ ਵੱਡਾ ਰੋਲ ਸੀ। ਉਸ ਸਮੇਂ ਉੱਤੇ ਇਨ੍ਹਾਂ ਨੇ ਹਾਅ ਦਾ ਨਾਅਰਾ ਮਾਰਿਆ ਸੀ। ਅਸੀਂ ਇਨ੍ਹਾਂ ਦੇ ਹਮੇਸ਼ਾ ਸ਼ੁਕਰਗੁਜ਼ਾਰ ਰਹਾਂਗੇ। ਮੌਜੂਦਾ ਗੌਰਮਿੰਟ ਵੀ ਸ਼ੁਕਰਗੁਜ਼ਾਰ ਹੈ, ਪਹਿਲੀਆਂ ਸਰਕਾਰਾਂ ਵੀ ਸ਼ੁਕਰਗੁਜ਼ਾਰ ਰਹੀਆਂ ਹਨ ਅਤੇ ਆਉਣ ਵਾਲੀਆਂ ਵੀ ਸ਼ੁਕਰਗੁਜ਼ਾਰ ਰਹਿਣਗੀਆਂ। ਮੈਂ ਚਾਹਵਾਂਗਾ ਕਿ ਜਿਹੜਾ Minority Medical College ਮਲੇਰਕੋਟਲੇ ਨੂੰ ਦਿੱਤਾ ਹੋਇਆ ਹੈ, ਉਹ ਉੱਥੇ ਹੀ ਰਹਿਣਾ ਚਾਹੀਦਾ ਹੈ। ਕਿਸੇ ਹੋਰ ਜਗ੍ਹਾ ਤੇ ਸ਼ਿਫਟ ਨਾ ਕੀਤਾ ਜਾਵੇ।

**ਸ਼੍ਰੀ ਵਿਕਰਮਜੀਤ ਸਿੰਘ ਚੌਧਰੀ (ਫਿਲੌਰ, ਐਸ.ਸੀ.):** ਬਹੁਤ-ਬਹੁਤ ਧੰਨਵਾਦ ਸਪੀਕਰ ਸਾਹਿਬ। ਸਪੀਕਰ ਸਾਹਿਬ, ਮੇਰੇ ਵਿਧਾਨ ਸਭਾ ਹਲਕਾ ਫਿਲੌਰ ਵਿੱਚ ਦੋ ਸ਼ਹਿਰ ਫਿਲੌਰ ਅਤੇ ਗੁਰਾਇਆ ਹਨ। ਇਨ੍ਹਾਂ ਦੋਵਾਂ ਸ਼ਹਿਰਾਂ ਦੇ ਵਿੱਚੋਂ ਇੱਕ ਰੇਲਵੇ ਲਾਈਨ ਜਾਂਦੀ ਹੈ। ਇਸ ਦੇ ਵਿੱਚ passenger trains, cargo trains

(ਜਿਨ੍ਹਾਂ ਨੂੰ ਮਾਲ ਗੱਡੀਆਂ ਕਿਹਾ ਜਾਂਦਾ ਹੈ), ਉਨ੍ਹਾਂ ਦੀ ਆਵਾਜਾਈ ਬਹੁਤ ਜ਼ਿਆਦਾ ਹੈ। ਦੋਨੋਂ ਸ਼ਹਿਰਾਂ ਦੀ ਇੱਕ ਵੱਡੀ ਸਮੱਸਿਆ ਹੈ ਕਿ ਜਦੋਂ ਵੀ ਸ਼ਹਿਰ ਦੇ ਇੱਕ ਪਾਸੇ ਵਾਲੇ ਲੋਕਾਂ ਨੇ ਦੂਸਰੇ ਪਾਸੇ ਜਾਣਾ ਹੁੰਦਾ ਹੈ, ਉਨ੍ਹਾਂ ਨੂੰ ਘੰਟਾ-ਘੰਟਾ, ਦੋ-ਦੋ ਘੰਟੇ ਫਾਟਕਾਂ ਤੇ ਰੁਕਣਾ ਪੈਂਦਾ ਹੈ। ਅਕਸਰ ਉੱਥੇ ਐਂਬੂਲੈਂਸਿਜ਼ ਵੀ stuck-up ਹੋ ਜਾਂਦੀਆਂ ਹਨ। ਪੀ.ਡਬਲਿਊ.ਡੀ. ਮਨਿਸਟਰ ਸਾਹਿਬ ਇੱਥੇ ਬੈਠੇ ਹਨ, ਮੈਂ ਤੁਹਾਡੇ ਰਾਹੀਂ ਇਨ੍ਹਾਂ ਨੂੰ ਬੇਨਤੀ ਕਰਦਾ ਹਾਂ ਕਿ Government of IndI, ਰੇਲਵੇ ਮਨਿਸਟਰੀ ਨਾਲ ਤਾਲਮੇਲ ਬਣਾ ਕੇ ਉਸ ਜਗ੍ਹਾ ਤੇ ਰੇਲਵੇ ਅੰਡਰ ਬਰਿੱਜ ਜਾਂ ਰੇਲਵੇ ਓਵਰ ਬਰਿੱਜ ਬਣਾ ਕੇ ਇਨ੍ਹਾਂ ਦੋਨਾਂ ਸ਼ਹਿਰਾਂ ਦੀ ਕੁਨੈਕਟੀਵਿਟੀ ਦੀ ਪ੍ਰਾਬਲਮ ਨੂੰ ਦੂਰ ਕੀਤਾ ਜਾਵੇ। ਬਹੁਤ-ਬਹੁਤ ਧੰਨਵਾਦ, ਸਪੀਕਰ ਸਾਹਿਬ।

**ਸਰਦਾਰ ਮਨਜੀਤ ਸਿੰਘ ਬਿਲਾਸਪੁਰ (ਨਿਹਾਲ ਸਿੰਘ ਵਾਲਾ, ਐਸ.ਸੀ.)**: ਸਪੀਕਰ ਸਾਹਿਬ, ਬਹੁਤ-ਬਹੁਤ ਧੰਨਵਾਦ। ਸਪੀਕਰ ਸਾਹਿਬ, ਇੱਕ ਕੁਦਰਤ ਦੀ ਮਾਰ ਹੁੰਦੀ ਹੈ, ਇੱਕ ਰਾਜਨੀਤਿਕ ਮਾਰ ਹੁੰਦੀ ਹੈ। ਮੇਰਾ ਹਲਕਾ ਨਿਹਾਲ ਸਿੰਘ ਵਾਲਾ ਇੱਕ ਐਸਾ ਹਲਕਾ ਹੈ, ਜਿਸ ਨੂੰ ਹਮੇਸ਼ਾ ਹੀ ਰਾਜਨੀਤਿਕ ਮਾਰ ਪਈ ਹੈ।

ਪ.ਸ਼./ਬ.ਸ./04.50/30.06.2022

ਕਿਉਂਕਿ ਉੱਥੇ ਐਮ.ਐਲ.ਏ ਹੋਰ ਪਾਰਟੀ ਦਾ ਹੁੰਦਾ ਸੀ ਅਤੇ ਸਰਕਾਰ ਹੋਰ ਕਿਸੇ ਪਾਰਟੀ ਦੀ ਹੁੰਦੀ ਸੀ। ਮੇਰੀ ਸੁਰਤ ਦੇ ਵਿੱਚ ਸਿਰਫ ਇੱਕ ਵਾਰ ਹੋਇਆ ਹੈ ਕਿ ਐਮ.ਐਲ.ਏ ਵੀ ਉਸੇ ਪਾਰਟੀ ਦਾ ਹੈ ਅਤੇ ਸਰਕਾਰ ਵੀ ਉਸੇ ਪਾਰਟੀ ਦੀ ਹੈ। ਇਹ ਹੁਣ ਹੋਇਆ ਹੈ। ਇਸ ਲਈ ਮੇਰੇ ਹਲਕੇ ਦੇ ਲੋਕਾਂ ਨੂੰ ਸਰਕਾਰ ਤੋਂ ਬੜੀਆਂ ਉਮੀਦਾਂ ਹਨ ਕਿ ਸਾਡੇ ਹਲਕੇ ਦੇ ਵਿੱਚ ਇੱਕ ਮੈਡੀਕਲ ਕਾਲਜ ਜਾਂ ਤਕਨੀਕੀ ਕਾਲਜ ਜ਼ਰੂਰ ਬਣਾਇਆ ਜਾਵੇ। ਇਹ ਪਿਛਲੇ ਲੰਮੇ ਸਮੇਂ ਤੋਂ ਪਛੜਿਆ ਹੋਇਆ ਹਲਕਾ ਹੈ। ਸੋ, ਤੁਹਾਡਾ ਬਹੁਤ-ਬਹੁਤ ਧੰਨਵਾਦ।

**ਸ਼੍ਰੀ ਬਰਿੰਦਰ ਕੁਮਾਰ ਗੋਇਲ ਵਕੀਲ (ਲਹਿਰਾ)**: ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ। ਸਰ, ਮੈਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਅਗਰਵਾਲ ਸਮਾਜ ਦੇ ਪਿਤਾਮਾ ਮਹਾਰਾਜਾ ਅਗਰਸੈਨ ਜੀ ਦੇ ਨਾਂਅ ਤੇ ਸਾਲ 2018 ਦੇ ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਿੱਚ ਮਹਾਰਾਜਾ ਅਗਰਸੈਨ ਚੇਅਰ ਸਥਾਪਿਤ ਕਰਨ ਦੀ ਗੱਲ ਕੀਤੀ ਗਈ ਸੀ ਅਤੇ 4 ਕਰੋੜ ਰੁਪਏ ਦੀ ਗ੍ਰਾਂਟ ਦਿੱਤੀ ਗਈ ਸੀ। ਸਰ, ਆਰ.ਟੀ.ਆਈ. ਦੇ ਤਹਿਤ ਪਤਾ ਕੀਤਾ ਗਿਆ ਹੈ ਕਿ 2019-20 ਦੇ ਵਿੱਚ ਤਿੰਨ ਲੱਖ 14 ਹਜ਼ਾਰ 497 ਰੁਪਏ ਅਤੇ 2020-21 ਦੇ ਵਿੱਚ 14 ਹਜ਼ਾਰ 250 ਰੁਪਏ (ਕੁਲ 3 ਲੱਖ 28 ਹਜ਼ਾਰ 747 ਰੁਪਏ) ਖਰਚੇ ਗਏ ਹਨ। ਸਰ, ਮੈਂ ਬੇਨਤੀ ਕਰਦਾ ਹਾਂ ਕਿ ਇਹ ਪੈਸੇ ਯੂਨੀਵਰਸਿਟੀ ਨੇ ਕਿਸੇ ਹੋਰ ਕੰਮ ਵਾਸਤੇ ਖਰਚ ਕਰ ਲਏ। ਜੇਕਰ ਯੂਨੀਵਰਸਿਟੀ ਨੇ

ਇਹ ਪੈਸੇ ਕਿਸੇ ਹੋਰ ਕੰਮ ਵਾਸਤੇ ਖਰਚ ਕਰ ਲਏ ਜਾਂ ਗ੍ਰਾਂਟ ਨਹੀਂ ਦਿੱਤੀ ਗਈ, ਉੱਥੇ ਗ੍ਰਾਂਟ ਦੇ ਕੇ ਮਹਾਰਾਜਾ ਅਗਰਸੈਨ ਜੀ ਦੇ ਨਾਂਅ ਦੀ ਚੇਅਰ ਸਥਾਪਿਤ ਕੀਤੀ ਜਾਵੇ। ਇਹ ਸਾਰੇ ਅਗਰਵਾਲ ਸਮਾਜ ਦੀਆਂ ਭਾਵਨਾਵਾਂ ਦਾ ਸਵਾਲ ਹੈ। ਇਸ ਨੂੰ ਛੇਤੀ ਤੋਂ ਛੇਤੀ ਕੰਪਲੀਟ ਕੀਤਾ ਜਾਵੇ।

**ਡਾਕਟਰ ਬਲਬੀਰ ਸਿੰਘ (ਪਟਿਆਲਾ ਦਿਹਾਤੀ)**: ਸਪੀਕਰ ਸਾਹਿਬ, ਬਹੁਤ-ਬਹੁਤ ਧੰਨਵਾਦ। ਮੈਂ ਗੱਲ ਕਰਨੀ ਹੈ ਤਿੰਨ ਕਰੋੜ ਪੰਜਾਬੀਆਂ ਦੀ, ਪੰਜਾਬ, ਦੇਸ਼ ਅਤੇ ਦੁਨੀਆ ਵਿੱਚ ਰਹਿੰਦੇ ਹੋਏ ਪੰਜਾਬੀਆਂ ਦੀ। ਜਿੰਨੇ ਵੀ ਮੈਂਬਰ ਸਾਹਿਬਾਨ ਬੈਠੇ ਹਨ, ਮੈਂ ਸਾਰਿਆਂ ਦਾ ਧਿਆਨ ਇਸ ਵਿਸ਼ੇ ਤੇ ਲਿਆਉਣਾ ਚਾਹੁੰਦਾ ਹਾਂ ਕਿਉਂਕਿ ਇਹ ਸਾਡੇ ਸਾਰਿਆਂ ਨਾਲ ਸਬੰਧਿਤ ਹੈ। ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਕਿਹਾ ਕਿ ਸਰਕਾਰ ਹੁਣ ਏਅਰ-ਕੰਡੀਸ਼ਨਰਡ ਸਕੱਤਰੇਤ ਜਾਂ ਮਿੰਨੀ ਸਕੱਤਰੇਤ ਤੋਂ ਨਹੀਂ, ਪਿੰਡਾਂ ਦੀਆਂ ਸੱਥਾਂ ਤੋਂ ਚੱਲੇਗੀ। ਪਹਿਲਾ ਕੰਮ ਇਹ ਕੀਤਾ ਕਿ ਅਸੀਂ ਪਟਿਆਲੇ ਦੇ ਅੱਠ ਐਮ.ਐਲ.ਏਜ਼ ਇਕੱਠੇ ਹੋਏ। ਅਸੀਂ ਜ਼ਿਲ੍ਹਾ ਪ੍ਰਸ਼ਾਸਨ ਨਾਲ ਮੀਟਿੰਗ ਕੀਤੀ। ਅਸੀਂ ਅਕਸਰ ਇਹ ਸ਼ਿਕਾਇਤ ਕਰਦੇ ਹਾਂ ਕਿ ਉਹ ਕੰਮ ਨਹੀਂ ਕਰਦੇ। ਉਨ੍ਹਾਂ ਦੇ ਵਿੱਚ ਨੁਕਸ ਹੈ ਜਾ ਸਾਡੇ ਵਿੱਚ ਨੁਕਸ ਹੈ। ਇਹ ਇੱਕ ਨਵਾਂ ਕੰਸੈਪਟ ਹੈ। ਜੇਕਰ ਤੁਹਾਨੂੰ ਸਾਰਿਆਂ ਨੂੰ ਚੰਗਾ ਲਗੇ ਤਾਂ ਫੋਲੋ ਕਰ ਲਓ। ਜਨ ਸੁਵਿਧਾ ਕੈਂਪ ਅਸੀਂ ਹਰ ਮਹੀਨੇ ਲਗਾਉਂਦੇ ਹਾਂ, ਜਿਸ ਦੇ ਵਿੱਚ 20 ਸਰਕਾਰੀ ਮਹਿਕਮੇ ਆਉਂਦੇ ਹਨ। ਡਾਕਟਰ ਸੁੱਖੀ ਜੀ, ਤੁਸੀਂ ਗੁੱਸਾ ਨਾ ਕਰਿਓ, ਤੁਸੀਂ ਮੇਰੇ ਛੋਟੇ ਭਰਾ ਹੋ। ਇਨ੍ਹਾਂ ਨੇ ਕਿਹਾ ਸੀ ਕਿ ਕਿੰਨੇ ਕਿੰਨੇ ਸਾਲ mutation ਹੀ ਨਹੀਂ ਹੁੰਦੀ। ਕਿਸੇ ਦਾ ਕੋਈ ਮੈਡੀਕਲ ਬਿਲ ਰੁਕਿਆ ਹੋਇਆ ਸੀ, ਕਿਸੇ ਨੂੰ ਪੰਜ ਸਾਲ ਪੈਨਸ਼ਨ ਨਹੀਂ ਮਿਲੀ, ਉਹ ਹੁਣ ਪੰਜ ਮਿੰਟ ਵਿੱਚ ਹੋ ਰਹੇ ਹਨ। ਐਸ.ਡੀ.ਐਮ ਉੱਥੇ ਹੁੰਦੇ ਹਨ ਔਰ ਸਾਰੇ ਮਹਿਕਮਿਆਂ ਦੇ ਬੰਦੇ ਉੱਥੇ ਹੁੰਦੇ ਹਨ (ਥੰਪਿੰਗ)। This is the Bhagwant Singh Mann's Model of Development. ਇਸ ਨੂੰ ਅਡਾਪਟ ਕਰੋ। ਮੈਂ ਸਾਰਿਆ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ। ਅਸੀਂ ਸਾਰੇ ਡਿਪਾਰਟਮੈਂਟਾਂ ਨੂੰ ਕਿਹਾ ਹੈ ਕਿ ਤੁਸੀਂ ਪੀਣ ਵਾਲੇ ਪਾਣੀ , ਸੀਵਰੇਜ, ਸਟ੍ਰੀਟ ਲਾਈਟ ਸਾਰਿਆਂ ਦੇ ਹੈਲਪ ਨੰਬਰ ਜਾਰੀ ਕਰ ਦਿਓ। ਗੱਲ ਮੇਰੀ empowerment ਦੀ ਨਹੀਂ ਹੈ, ਬਾਜਵਾ ਸਾਹਿਬ। ਗੱਲ ਤਿੰਨ ਕਰੋੜ ਲੋਕਾਂ ਦੀ empowerment ਦੀ ਹੈ। ਅਸੀਂ ਕਿਹਾ ਹੈ ਕਿ ਜਿਹੜਾ ਵੀ citizen ਤੁਹਾਨੂੰ ਫੋਨ ਕਰਦਾ ਹੈ ਤੁਸੀਂ 24 ਘੰਟੇ ਦੇ ਵਿੱਚ ਜਵਾਬ ਦੇਣਾ ਹੈ। 48 ਘੰਟੇ ਬਾਅਦ ਮੈਂ ਅਫਸਰ ਨੂੰ ਪੁੱਛਦਾ ਹਾਂ ਕਿ ਤੁਹਾਨੂੰ ਇਸ ਬੰਦੇ ਦੀ ਸ਼ਿਕਾਇਤ ਆਈ ਸੀ, ਇਸ ਦਾ ਕੰਮ ਕਿਉਂ ਨਹੀਂ ਹੋਇਆ। ਜਿੱਥੇ cholera ਫੈਲਿਆ ਹੋਇਆ ਸੀ, ਵਿਭਾਗ ਰਾਤ 11 ਵਜੇ ਪਾਣੀ ਦੇ ਟੈਂਕਰ ਲੈ ਕੇ ਪਹੁੰਚ ਰਹੇ ਸਨ। ਕੰਮ ਕਰਨ ਤੋਂ ਬਾਅਦ ਰਾਤ ਨੂੰ ਉਹ ਮੈਨੂੰ ਕਹਿੰਦੇ ਕਿ ਹੁਣ ਅਸੀਂ ਸੌਂ ਜਾਈਏ, ਸਾਰੇ ਲੋਕ ਸੌਂ ਗਏ ਹਨ। ਮੈਂ ਕਿਹਾ ਕਿ ਸੋਂ

ਜਾਓ। ਬਹੁਤ-ਬਹੁਤ ਧੰਨਵਾਦ। This is the Bhagwant Singh Mann's Model of Development.

**ਸਰਦਾਰ ਰਣਬੀਰ ਸਿੰਘ (ਫਿਰੋਜ਼ਪੁਰ ਸ਼ਹਿਰੀ)**: ਮਾਨਯੋਗ ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ। ਫਿਰੋਜ਼ਪੁਰ ਸ਼ਹੀਦਾਂ ਦੀ ਧਰਤੀ ਹੈ। ਮੈਂ ਸਮਝਦਾ ਹਾਂ ਕਿ ਸਾਡੇ ਸਾਰੀਆਂ ਪਾਰਟੀਆਂ ਦੇ ਪ੍ਰੋਮੀਨੈਂਟ ਲੀਡਰ ਉੱਥੇ ਮੱਥਾ ਟੇਕਣ ਜਾਂਦੇ ਹਨ। ਪਿੱਛੇ ਜਿਹੇ, ਸਰਦਾਰ ਭਗਵੰਤ ਸਿੰਘ ਮਾਨ ਜੀ ਦੇ ਪਰਿਵਾਰਕ ਮੈਂਬਰ ਦੀ ਵੀ ਅਸਥੀਆਂ ਹੁਸੈਨੀ ਵਾਲਾ ਵਿਖੇ ਜਲ ਪ੍ਰਵਾਹ ਹੋਈ ਸੀ। ਜੇਕਰ ਫਿਰੋਜ਼ਪੁਰ ਦਾ ਪਛੜਾਪੰਨ ਉਤਾਰਨਾ ਹੈ ਤਾਂ ਮੈਂ ਸਮਝਦਾ ਹਾਂ ਕਿ ਹੁਸੈਨੀਵਾਲਾ ਜਿਹੜਾ ਸਾਡਾ ਸਤਲੁਜ ਦਰਿਆ ਹੈ, ਉੱਥੇ ਸਪੈਸ਼ਲ ਪੈਕੇਜ ਦੇ ਨਾਲ ਟੂਰਿਜ਼ਮ ਪਲੇਸ ਬਣਾਈ ਜਾਵੇ ਕਿਉਂਕਿ ਪੂਰੇ ਭਾਰਤ ਤੋਂ ਲੋਕ ਇੱਥੇ ਦਰਸ਼ਨ ਕਰਨ ਆਉਂਦੇ ਹਨ। ਤੁਹਾਡੀ ਬਦੌਲਤ ਇੱਥੇ ਸੜਕਾਂ ਵੀ ਬਣ ਰਹੀਆਂ ਹਨ। ਨੈਸ਼ਨਲ ਹਾਈਵੇਅ ਵੀ ਬਣ ਰਹੇ ਹਨ, ਜਿਹੜੇ ਅੰਮ੍ਰਿਤਸਰ ਤੋਂ ਜੈਪੁਰ ਤੱਕ ਜਾਣੇ ਹਨ। ਇਸ ਲਈ ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਪੰਜਾਬ ਸਰਕਾਰ ਇਸ ਵੱਲ ਵੀ ਧਿਆਨ ਦੇਵੇ।

4.55/**ਜਸਪਾਲ/ਬਰਿੰਦਰਾ**/30.6.22

**ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ (ਸਰਦੂਲਗੜ੍ਹ)** : ਮਾਨਯੋਗ ਸਪੀਕਰ ਸਾਹਿਬ, ਧੰਨਵਾਦ । ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਸਰਕਾਰ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਜੋ ਸੁਵਿਧਾ ਕੇਂਦਰ ਹਨ ਉਹ ਦੁਬਿਧਾ ਕੇਂਦਰ ਬਣੇ ਹੋਏ ਹਨ। ਇੱਕ ਪ੍ਰਾਈਵੇਟ ਕੰਪਨੀ ਨੂੰ ਠੇਕਾ ਦੇ ਦਿੱਤਾ ਹੈ। ਕੋਈ ਛੋਟੇ ਤੋਂ ਛੋਟੇ ਕੰਮ ਲਈ ਆਮ ਲੋਕਾਂ ਤੋਂ ਫੀਸ ਤਾਂ ਹਜ਼ਾਰ ਰੁਪਿਆ ਲਿਆ ਜਾਂਦਾ ਹੈ ਪਰ ਉਸ ਵਿਚੋਂ ਸਰਕਾਰ ਨੂੰ ਰੈਵੇਨਿਊ 50 ਰੁਪਏ ਮਸਾਂ ਜਾਂਦਾ ਹੈ, 21000 ਰੁਪਿਆ ਪ੍ਰਤੀ ਕਾਊਂਟਰ ਉਹ ਪ੍ਰਾਈਵੇਟ ਕੰਪਨੀ ਸਰਕਾਰ ਤੋਂ ਲੈ ਰਹੀ ਹੈ। ਸੋ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਸੁਵਿਧਾ ਕੇਂਦਰ ਹਨ, ਇਸ ਦੇ ਜਿਹੜੇ ਕੰਟਰੈਕਟ ਹੋਏ ਹਨ, ਇਸ ਦੇ ਉਤੇ ਧਿਆਨ ਦੇ ਕੇ ਸਰਕਾਰ ਇਸ ਨੂੰ ਰੱਦ ਕਰੇ ਕਿਉਂਕਿ ਜਿਹੜਾ ਕਰੋੜਾਂ ਰੁਪਿਆ ਕੰਪਨੀ ਨੂੰ ਜਾ ਰਿਹਾ ਹੈ, ਉਹ ਕੰਪਨੀ ਵੀ ਡਿਫਾਲਟਰ ਹੈ। ਮੈਂ ਉਸ ਗੱਲ ਵਿਚ ਨਹੀਂ ਜਾਣਾ ਚਾਹੁੰਦਾ । ਉਹ ਪੈਸਾ ਸਰਕਾਰ ਦੇ ਖਜ਼ਾਨੇ ਵਿਚ ਆਵੇ ਤੇ ਸੁਵਿਧਾ ਕੇਂਦਰਾਂ ਵੱਲ ਧਿਆਨ ਦਿੱਤਾ ਜਾਵੇ।

**ਸਰਦਾਰ ਲਖਬੀਰ ਸਿੰਘ ਰਾਏ (ਸ੍ਰੀ ਫਤਹਿਗੜ੍ਹ ਸਾਹਿਬ)**: ਧੰਨਵਾਦ ਸਪੀਕਰ ਸਾਹਿਬ, ਇੱਕ ਕੇਂਦਰ ਸਰਕਾਰ ਵੱਲੋਂ ਨੈਸ਼ਨਲ ਹਾਈਵੇ 12 ਏ ਦੇ ਤਹਿਤ ਜ਼ਮੀਨ ਐਕੁਆਇਰ ਕੀਤੀ ਗਈ ਹੈ, ਮੋਹਾਲੀ ਤੋਂ ਹਲਕਾ ਫਤਹਿਗੜ੍ਹ ਸਾਹਿਬ ਦੇ ਪਿੰਡ ਭੱਟਮਾਜਰਾ ਤੱਕ । ਸਰ, ਮੱਛਲੀ ਤੇ ਪਵਾਲ ਦੋ ਪਿੰਡ ਗਵਾਂਢੀ ਹਨ, ਵੱਟ ਨਾਲ ਵੱਟ ਸਾਂਝੀ

ਹੈ ਲੇਕਿਨ ਜਿਹੜਾ ਮਛਲੀ ਪਿੰਡ ਹੈ, ਉਹ ਮੋਹਾਲੀ ਵਿਚ ਪੈਂਦਾ ਹੈ ਉਸ ਦਾ ਕੁਲੈਕਟਰ ਰੇਟ 9 ਲੱਖ ਰੁਪਿਆ ਹੈ, ਉਥੇ ਇੱਕ ਕਰੋੜ 6 ਲੱਖ ਦਿੱਤਾ ਗਿਆ ਹੈ ਜਿਹੜਾ ਦੂਜਾ ਪਿੰਡ ਪਵਾਲ ਹੈ ਉਹ ਸ੍ਰੀ ਫਤਹਿਗੜ੍ਹ ਸਾਹਿਬ ਵਿੱਚ ਪੈਂਦਾ ਹੈ ਉਥੇ ਕੁਲੈਕਟਰ ਰੇਟ 13 ਲੱਖ ਹੈ, ਉਨ੍ਹਾਂ ਨੂੰ 80 ਲੱਖ ਰੁਪਿਆ ਦਿੱਤਾ ਗਿਆ ਹੈ। ਸਰ, ਮੈਂ ਆਪ ਜੀ ਦੇ ਮਾਧਿਅਮ ਰਾਹੀਂ ਸਰਕਾਰ ਤੋਂ ਮੰਗ ਕਰਦਾ ਹਾਂ ਕਿ ਸ੍ਰੀ ਫਤਹਿਗੜ੍ਹ ਸਾਹਿਬ ਦੇ ਕਿਸਾਨਾਂ ਨਾਲ ਜਿਹੜੀ ਬੇਇਨਸਾਫੀ ਹੋਈ ਹੈ, ਉਸ ਨੂੰ ਦੂਰ ਕਰਕੇ ਉਨ੍ਹਾਂ ਨੂੰ ਬਣਦਾ ਮੁਆਵਜ਼ਾ ਦਿੱਤਾ ਜਾਵੇ।

**ਸਰਦਾਰ ਲਾਭ ਸਿੰਘ ਉਗੋਕੇ (ਭਦੌੜ, ਐਸ.ਸੀ.)** : ਮਾਨਯੋਗ ਸਪੀਕਰ ਸਾਹਿਬ, ਬਹੁਤ ਬਹੁਤ ਸ਼ੁਕਰੀਆ। ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਦੇ ਰਾਹੀਂ ਇੱਕ ਚੀਜ਼ ਧਿਆਨ ਵਿਚ ਲਿਆਉਣੀ ਚਾਹੁੰਦਾ ਹਾਂ ਜਿਹੜੀ ਪੂਰੇ ਪੰਜਾਬ ਦੀ ਭਾਈਚਾਰਕ ਸਾਂਝ ਹੈ, ਉਸ ਨਾਲ ਸਬੰਧ ਰੱਖਦੀ ਹੈ। ਹੁਣੇ ਇਹ ਜਿਹੜਾ ਝੋਨੇ ਦਾ ਸੀਜ਼ਨ ਨਿਕਲ ਕੇ ਗਿਆ ਹੈ ਤਾਂ ਕਾਫੀ ਪਿੰਡਾਂ ਦੀਆਂ ਪੰਚਾਇਤਾਂ ਵਲੋਂ ਮਜ਼ਦੂਰਾਂ ਦੇ ਖਿਲਾਫ ਮਤੇ ਪਾਏ ਗਏ ਸਨ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਪੰਚਾਇਤਾਂ ਨੂੰ ਇਸ ਤਰ੍ਹਾਂ ਦੇ ਕੋਈ ਆਦੇਸ਼ ਜਾਰੀ ਕੀਤੇ ਜਾਣ ਕਿ ਉਹ ਇਸ ਤਰ੍ਹਾਂ ਦੇ ਮਤੇ ਨਾ ਪਾਉਣ ਤਾਂਕਿ ਜਿਹੜੀ ਸਾਡੀ ਕਿਸਾਨ ਤੇ ਮਜ਼ਦੂਰ ਦੀ ਆਪਸੀ ਸਾਂਝ ਹੈ, ਉਹ ਬਣੀ ਰਹੇ। ਇਹ ਮੁੱਦਾ ਮੈਂ ਤੁਹਾਡੇ ਮਾਧਿਅਮ ਰਾਹੀਂ ਸਰਕਾਰ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ।

**ਸ਼੍ਰੀ ਗੁਰਲਾਲ ਘਨੌਰ (ਘਨੌਰ)** : ਬਹੁਤ ਬਹੁਤ ਧੰਨਵਾਦ ਜੀ, ਕਾਫੀ ਦਿਨ ਹੋ ਗਏ ਸੀ, ਸਟੇਡੀਅਮ ਦੀ ਮੰਗ ਸਾਰੇ ਮੈਂਬਰ ਸਾਹਿਬਾਨ ਨੇ ਰੱਖੀ ਪਰ ਮੰਤਰੀ ਸਾਹਿਬ ਨੇ ਹਮੇਸ਼ਾਂ ਹੀ ਸਿਰ ਹਿਲਾ ਦਿੱਤਾ ਕਿ ਨਾਂਹ। ਪਰ ਹੁਣ ਨਾ ਤਾਂ ਮੰਤਰੀ ਜੀ ਹਨ ਤੇ ਨਾ ਸਾਡੇ ਪੁਰਾਣੇ ਮੰਤਰੀ ਸਰਦਾਰ ਪਰਗਟ ਸਿੰਘ ਜੀ। ਵੈਸੇ ਸਰਦਾਰ ਪਰਗਟ ਸਿੰਘ ਜੀ ਨਾਲ ਮੇਰੀ ਗੱਲ ਹੋਈ ਸੀ ਤਾਂ ਉਹ ਕਹਿੰਦੇ ਸੀ ਕਿ ਕੋਈ ਗੱਲ ਨਹੀਂ ਆਪਾਂ ਫੱਟੇ ਚੁੱਕ ਦਿੰਦੇ ਹਾਂ। ਮੈਂ ਕਿਹਾ ਕਿ ਠੀਕ ਹੈ ਜੀ ਪਰ ਟਾਈਮ ਅਜੇ ਬਹੁਤ ਥੋੜ੍ਹਾ ਹੋਇਆ ਹੈ, ਸਰਕਾਰ ਬਣੀ ਨੂੰ ਤਿੰਨ ਮਹੀਨੇ ਹੋਏ ਹਨ ਤੇ ਮੀਤ ਜੀ ਨੂੰ ਮੈਂ ਅੱਜ ਤੁਹਾਡੇ ਜ਼ਰੀਏ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ ਕਿਉਂਕਿ ਪੰਜਾਬ ਅੱਜ 16ਵੇਂ, 17ਵੇਂ ਨੰਬਰ ਉਤੇ ਚਲਿਆ ਗਿਆ ਹੈ। ਆਪਾਂ ਇੱਕ ਅੱਛੀਆਂ ਖੇਡ ਪਾਲਿਸੀਆਂ ਬਣਾਈਏ। ਜਿਵੇਂ ਪੁਰਾਣੇ ਸਮਿਆਂ ਦੇ ਵਿਚ ਪੰਜਾਬ ਪੁਲਿਸ ਦੀ ਟੀਮ ਸੀ, ਮੰਡੀ ਬੋਰਡ ਦੀ ਸੀ, ਪੈਪਸੂ ਦੀ ਸੀ, ਅਲੱਗ ਅਲੱਗ ਮਹਿਕਮਿਆਂ ਦੀਆਂ ਟੀਮਾਂ ਸਨ, ਉਨ੍ਹਾਂ ਦੇ ਵਿੱਚ ਆਲਰੇਡੀ ਸਪੋਰਟਸਮੈਨ ਭਰਤੀ ਹੋਏ ਸੀ ਜਿਹੜੇ ਪਿਛਲੀਆਂ ਸਰਕਾਰਾਂ ਨੇ ਚੰਗੇ ਭਲੇ ਸਪੋਰਟਸਮੈਨ ਡੈੱਡ ਕਰ ਦਿੱਤੇ। ਸਪੀਕਰ ਸਾਹਿਬ, ਮੈਂ ਚਾਹੁੰਦਾ ਹਾਂ ਕਿ ਉਨ੍ਹਾਂ ਸਪੋਰਟਸਮੈਨਾਂ ਨੂੰ ਦੁਬਾਰਾ ਬੁਲਾਇਆ ਜਾਵੇ ਤੇ ਗਰਾਊਂਡਾਂ ਦੇ ਵਿੱਚ ਲਿਆਉਂਦਾ ਜਾਵੇ ਅਤੇ ਸਾਡੇ ਨਵੇਂ ਕੋਚ

ਸਾਹਿਬਾਨਾਂ ਦੀ ਭਰਤੀ ਕੀਤੀ ਜਾਵੇ। ਕੁਝ ਕੁ ਪਿੰਡਾਂ ਵਿਚ ਅੱਛੇ ਖੇਡ ਸਟੇਡੀਅਮ ਬਣੇ ਹੋਏ ਹਨ, ਉਥੋਂ ਦੇ ਜਿਹੜੇ ਐਕਸਮੈਨ ਹਨ, ਉਹ ਪਹਿਲਾਂ ਖੇਡਦੇ ਰਹੇ ਹਨ, ਉਹ ਪੈਨਸ਼ਨ ਉਤੇ ਵੀ, ਵੈਸੇ ਵੀ ਉਹ ਗਰਾਉਂਡ ਆਉਂਦੇ ਹਨ। ਆਪਾਂ ਉਨ੍ਹਾਂ ਦੀ ਕੋਈ ਨਾ ਕੋਈ ਮਦਦ ਲੈ ਕੇ, ਚਾਹੇ ਆਊਟ ਸੋਰਸ ਉਤੇ ਜਾਂ ਕਿਸੇ ਹੋਰ ਤਰ੍ਹਾਂ ਸਰਕਾਰ ਦਾ ਇੱਕ ਹਿੱਸਾ, ਪਾਰਟ ਬਣਾ ਕੇ ਉਨ੍ਹਾਂ ਤੋਂ ਆਪਾਂ ਗਰਾਊਂਡਾਂ ਦੇ ਵਿਚ ਮਦਦ ਲਈਏ। ਸਭ ਤੋਂ ਵੱਡੀ ਇੱਕ ਗੱਲ ਜਿਹੜੀ ਧਿਆਨ ਦੇਣ ਯੋਗ ਹੈ ਪੰਜਾਬ ਦਾ ਸਿਰਮੌਰ ਐਵਾਰਡ, ਮਹਾਰਾਜਾ ਰਣਜੀਤ ਸਿੰਘ ਐਵਾਰਡ ਜੋ ਪਿਛਲੀਆਂ ਸਰਕਾਰਾਂ ਨੇ ਬੜੇ ਲੰਮੇ ਸਮੇਂ ਤੋਂ ਖਿਡਾਰੀਆਂ ਨੂੰ ਨਹੀਂ ਦਿੱਤਾ ਉਹ ਵੀ ਆਪਾਂ ਖਿਡਾਰੀਆਂ ਨੂੰ ਦੁਬਾਰਾ ਦੇਈਏ। ਜਿਹੜੀ ਸਕਾਲਰਸ਼ਿਪ ਪਾਲਿਸੀ ਹੈ, ਉਸ ਨੂੰ ਵੀ ਆਪਾਂ ਦੁਬਾਰਾ ਚਲਦਾ ਕਰੀਏ।

**ਸਰਦਾਰ ਗੁਰਦਿੱਤ ਸਿੰਘ ਸੇਖੋਂ (ਫਰੀਦਕੋਟ)** : ਸਪੀਕਰ ਸਾਹਿਬ, ਮੇਰਾ ਵੀ ਰਲਦਾ ਮਿਲਦਾ ਹੀ ਸਵਾਲ ਹੈ ਕਿਉਂਕਿ ਫਰੀਦਕੋਟ ਦੇ ਵਿਚ ਮਹਾਰਾਜਾ ਸਾਹਿਬ ਵਲੋਂ 1945 ਵਿੱਚ ਸਟੇਡੀਅਮ ਬਣਾਇਆ ਗਿਆ ਸੀ। ਸੋ, ਅੱਜ ਦੀ ਡੇਟ ਵਿਚ ਉਸ ਦੀ ਹਾਲਤ ਬਹੁਤ ਖਸਤਾ ਹੈ । ਸੋ, ਖੇਡਾਂ ਵਾਲੇ ਪਾਸੇ ਅਸੀਂ ਧਿਆਨ ਦੇਣਾ ਹੈ, ਜਿਥੇ ਸਾਡੇ ਕੋਲ ਪਹਿਲਾਂ ਹੈ ਉਥੇ ਥੋੜ੍ਹੇ ਜਿਹੇ ਖਰਚੇ ਨਾਲ ਹੀ ਉਥੇ ਵਧੀਆ ਸਟੇਡੀਅਮ ਬਣਾਇਆ ਜਾ ਸਕਦਾ ਹੈ। ਉਥੇ ਇਥੋਂ ਤੱਕ ਬੱਚਿਆਂ ਵਾਸਤੇ ਜਾਣ ਵਾਸਤੇ ਬਾਥਰੂਮ ਵੀ ਨਹੀਂ ਹੈ। ਸੋ, ਇਸ ਪਾਸੇ ਧਿਆਨ ਦਿੱਤਾ ਜਾਵੇ।

ਦੂਜੀ ਗੱਲ ਮੇਰੀ ਇਹ ਹੈ ਕਿ ਸਾਡੀ ਇੱਕ ਸੜਕ ਫਿਰੋਜ਼ਪੁਰ ਤੋਂ ਮੁਕਤਸਰ ਹੈ ਉਹ ਪਿਛਲੇ ਸਮੇਂ ਵਿਚ ਰੇਤ ਮਾਫੀਆ ਨੇ ਤੋੜ ਦਿੱਤੀ ਸੀ, ਉਹ ਸੜਕ ਵੀ ਵਿਚੇ ਹੀ ਫਸੀ ਹੋਈ ਹੈ, ਕਿਰਪਾ ਕਰਕੇ ਇਹ ਸੜਕ ਵੀ ਜਲਦੀ ਤੋਂ ਜਲਦੀ ਤਿਆਰ ਕਰਵਾ ਦਿਉ ਕਿਉਂਕ ਬਹੁਤ ਲੰਮਾ ਸਫਰ ਉਧਰੋਂ ਰਾਜਸਥਾਨ ਤੇ ਅੰਮ੍ਰਿਤਸਰ ਨੂੰ ਜੋੜਦਾ ਹੈ। ਸੋ, ਇਸ ਪਾਸੇ ਵੀ ਧਿਆਨ ਦਿੱਤਾ ਜਾਵੇ।ਧੰਨਵਾਦ ਜੀ।

ਬ.ਕ./ਰ.ਕ./30.6.22/5.00

**ਸਰਦਾਰ ਗੁਰਦੇਵ ਸਿੰਘ ਦੇਵ ਮਾਨ (ਨਾਭਾ, ਐਸ.ਸੀ.)** : ਸਪੀਕਰ ਸਾਹਿਬ, ਬਹੁਤ ਬਹੁਤ ਮਿਹਰਬਾਨੀ। ਪੂਰੀ ਦੁਨੀਆ ਭਰ ਦੇ ਐਨ.ਆਰ.ਆਈ ਭਰਾਵਾਂ ਵਿੱਚ ਖੁਸ਼ੀ ਦੀ ਲਹਿਰ ਹੈ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਚੁਣੀ ਗਈ ਹੈ। ਐਨ.ਆਰ.ਆਈ ਭਰਾਵਾਂ ਦੇ ਕਈ ਮਸਲੇ ਹਨ, ਜ਼ਿਲ੍ਹਾ ਵਿਚ ਉਹ ਕਾਨੂੰਨੀ ਤੌਰ ਤੇ ਉਲਝੇ ਪਏ ਹਨ। ਮੈਂ ਤੁਹਾਡੇ ਜ਼ਰੀਏ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਜਿਹੜੇ ਐਨ.ਆਰ.ਆਈ ਭਰਾਵਾਂ ਦੇ ਮਸਲੇ ਹਨ, ਉਨ੍ਹਾਂ ਨੂੰ ਹੱਲ ਕਰਨ ਵਾਸਤੇ ਸਪੈਸ਼ਲ ਧਿਆਨ ਦਿੱਤਾ ਜਾਵੇ ਕਿਉਂਕਿ

ਅਸੀਂ ਵੀ ਚਾਹੁੰਦੇ ਹਾਂ ਕਿ ਸਿਹਤ ਅਤੇ ਸਿੱਖਿਆ ਦੇ ਖੇਤਰ ਵਿੱਚ ਸਾਡੇ ਐਨ.ਆਰ.ਆਈ ਭਰਾਵਾਂ ਦਾ ਸਹਿਯੋਗ ਹੋਵੇ।

ਇਸ ਤੋਂ ਅਗਲੀ ਗੱਲ ਮੈਂ ਇਹ ਕਰਨੀ ਚਾਹੁੰਦਾ ਹਾਂ ਕਿ ਨਾਭਾ ਜੇਲ੍ਹ ਵਿੱਚ ਜਿਹੜੇ ਕੈਦੀ ਬੰਦ ਹਨ ਉਨ੍ਹਾਂ ਤੋਂ ਜੇਲ੍ਹ ਵਿਚੋਂ ਮੋਬਾਇਲ ਫੋਨ ਅਤੇ ਨਸ਼ੇ ਲਗਾਤਾਰ ਫੜੇ ਜਾਂਦੇ ਹਨ। ਮੈਂ ਤੁਹਾਡੇ ਜ਼ਰੀਏ ਜੇਲ੍ਹ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਉਥੇ ਸਪੈਸ਼ਲ ਵਿਜ਼ਿਟ ਕੀਤੀ ਜਾਵੇ। ਇਹ ਬਣਦੀ ਵੀ ਹੈ ਕਿਉਂਕਿ ਉਥੇ ਕਾਫੀ ਕੁਝ ਪਿਆ ਹੈ। ਇਸ ਦੀ ਸਪੈਸ਼ਲ ਇਨਵੈਸਟੀਗੇਸ਼ਨ ਕੀਤੀ ਜਾਵੇ।

**ਸਰਦਾਰ ਸੁਖਵੀਰ ਸਿੰਘ ਮਾਇਸਰਖਾਨਾ (ਮੌੜ)** : ਮਾਨਯੋਗ ਸਪੀਕਰ ਸਾਹਿਬ, ਮੇਰੇ ਹਲਕੇ ਵਿੱਚ ਮਿਉਂਸਪਲ ਕਮੇਟੀ ਮੌੜ ਪੈਂਦੀ ਹੈ, ਮੌੜ ਖੁਰਦ ਅਤੇ ਮੌੜ ਕਲਾਂ, ਮੇਰੇ ਹਲਕੇ ਦਾ ਨਾਂ ਵੀ ਮੌੜ ਹੈ। ਅਕਾਲੀ ਦਲ ਦੀ ਸਰਕਾਰ ਵੇਲੇ ਉਥੇ 2012-17 ਵਿੱਚ ਸੀਵਰੇਜ ਪਿਆ ਸੀ, ਜੋ ਕਿ ਦੋ ਸਾਲ ਨਹੀਂ ਚੱਲਿਆ। ਪੈਣ ਤੋਂ ਬਾਅਦ ਹੀ ਉਸ ਦੇ ਹਾਲਾਤ ਮਾੜੇ ਹੋ ਗਏ, ਲੀਕੇਜ ਹੋਣ ਲੱਗ ਗਈ, ਪਾਣੀ ਡਰੇਨ ਤੱਕ ਨਹੀਂ ਪਹੁੰਚਿਆ। ਪੰਜ ਸਾਲ ਕਾਂਗਰਸ ਦੀ ਸਰਕਾਰ ਰਹੀ ਹੈ, ਇਨ੍ਹਾਂ ਨੇ ਉਸ ਦੀ ਮੁਰੰਮਤ ਕਰਨ ਦੀ ਥਾਂ ਪਸ਼ੂ ਮੰਡੀ ਵਿੱਚ ਆਰਜ਼ੀ ਤੌਰ ਤੇ ਡਿੱਗੀਆਂ ਪੁੱਟ ਕੇ ਜਾਅਲੀ ਜਿਹਾ ਪ੍ਰਬੰਧ ਕਰ ਦਿੱਤਾ। ਜਿਸ ਨਾਲ ਸੀਵਰੇਜ ਬਿਲਕੁਲ ਬਲਾਕ ਹੋ ਗਿਆ। ਹੁਣ ਤੱਕ ਵੀ ਉਥੇ ਪਾਣੀ ਦੀ ਨਿਕਾਸੀ ਦਾ ਕੋਈ ਪ੍ਰਬੰਧ ਨਹੀਂ ਹੈ। ਮਾਨਸੂਨ ਆਉਣ ਵਾਲੀ ਹੈ ਜਿਸ ਕਾਰਨ ਉਥੇ ਪੂਰਾ ਖਤਰਾ ਬਣਿਆ ਹੋਇਆ ਹੈ। ਮੈਂ ਤੁਹਾਡੇ ਜ਼ਰੀਏ ਸਰਕਾਰ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਾਇਜ਼ਾ ਲੈ ਕੇ ਨਿਕਾਸੀ ਦੇ ਦਰੁਸਤ ਪ੍ਰਬੰਧ ਕੀਤੇ ਜਾਣ ਤਾਂ ਜੋ ਇਹ ਮਸਲਾ ਹੱਲ ਹੋ ਸਕੇ।

**ਸ਼੍ਰੀ ਅਮਨਸ਼ੇਰ ਸਿੰਘ (ਸ਼ੈਰੀ ਕਲਸੀ) (ਬਟਾਲਾ)** : ਸਪੀਕਰ ਸਾਹਿਬ, ਧੰਨਵਾਦ। ਸਾਡੇ ਬਟਾਲਾ ਸ਼ਹਿਰ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਹੈ। ਉਥੇ ਹਰ ਸਾਲ ਬਾਬਾ ਜੀ ਦਾ ਵਿਆਹ ਪੁਰਬ ਬੜੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ ਕਿਉਂਕਿ ਮਾਤਾ ਸੁਲੱਖਣੀ ਜੀ ਸਾਡੇ ਬਟਾਲਾ ਦੇ ਵਸਨੀਕ ਸਨ। ਸਾਡੇ ਮੰਤਰੀ ਸਾਹਿਬ ਬੈਠੇ ਹਨ, ਮੈਂ ਪਹਿਲਾਂ ਵੀ ਉਨ੍ਹਾਂ ਨੂੰ ਬੇਨਤੀ ਕਰ ਚੁੱਕਿਆ ਹੈ ਅਤੇ ਹੁਣ ਵੀ ਤੁਹਾਡੇ ਰਾਹੀਂ ਉਨ੍ਹਾਂ ਦੇ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪਾਲਕੀ ਸਾਹਿਬ ਜਲੰਧਰ ਰੋਡ ਤੋਂ ਆਉਂਦੀ ਹੈ ਅਤੇ ਅਸੀਂ ਬਟਾਲਾ ਵਾਲੇ ਆਪਣੇ ਆਪ ਨੂੰ ਇੰਨੇ ਕੁ ਬਦਕਿਸਮਤ ਕਹਿ ਸਕਦੇ ਹਾਂ ਕਿ ਜੇ ਗੁਰਦਾਸਪੁਰ ਰੋਡ ਵਲੋਂ ਆਈਏ ਤਾਂ ਉਹ ਵੀ ਟੁੱਟਿਆ ਹੋਇਆ ਹੈ, ਜੇ ਜਲੰਧਰ ਰੋਡ ਵਲੋਂ ਆਈਏ ਤਾਂ ਉਹ ਵੀ ਟੁੱਟਿਆ ਹੋਇਆ ਹੈ। ਸਾਡੇ ਮਾਨਯੋਗ ਲੀਡਰ ਆਫ ਦਿ ਆਪੋਜ਼ੀਸ਼ਨ ਵੀ ਬੈਠੇ ਹਨ, ਜੇ ਇਨ੍ਹਾਂ ਨੇ ਵੀ

ਕਾਦੀਆਂ ਰੋਡ ਤੋਂ ਆਉਣਾ ਹੁੰਦਾ ਹੈ ਤਾਂ ਉਹ ਵੀ ਟੁੱਟਿਆ ਹੋਇਆ ਹੈ। ਬੇਨਤੀ ਹੈ ਕਿ ਉਸ ਰੋਡ ਦੀ ਮੁਰੰਮਤ ਕਰਵਾਈ ਜਾਵੇ।

ਮੈਂ ਇਕ ਬੇਨਤੀ ਹੋਰ ਕਰਨਾ ਚਾਹੁੰਦਾ ਹਾਂ। ਟ੍ਰਾਂਸਪੋਰਟ ਮੰਤਰੀ ਸਾਹਿਬ ਬੈਠੇ ਹਨ। ਮੈਂ ਉਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਬਟਾਲੇ ਵਿੱਚ ਤਿੰਨ ਏ.ਸੀ ਬਸਾਂ ਚਲਦੀਆਂ ਹਨ ਅਤੇ ਇਹ ਤਿੰਨੋਂ ਪ੍ਰਾਈਵੇਟ ਬਸਾਂ ਬਾਦਲਾਂ ਦੀਆਂ ਹਨ। ਉਸ ਦਾ ਕਿਰਾਇਆ ਵੀ ਬਹੁਤ ਵੱਧ ਹੈ। ਕਿਰਪਾ ਕਰਕੇ ਸਾਡੇ ਬਟਾਲਾ ਵਾਸਤੇ ਏ.ਸੀ ਬਸ ਚਲਾ ਦੇਣ ਤਾਂ ਧੰਨਵਾਦੀ ਹੋਵਾਂਗੇ।

**ਸਰਦਾਰ ਦਲਜੀਤ ਸਿੰਘ ਗਰੇਵਾਲ (ਭੋਲਾ) (ਲੁਧਿਆਣਾ ਪੂਰਬੀ)** : ਮਾਨਯੋਗ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਮੈਂ ਸਭ ਤੋਂ ਪਹਿਲਾਂ ਧੰਨਵਾਦ ਕਰਦਾ ਹਾਂ ਕਿ ਬੁੱਢਾ ਦਰਿਆ ਵਾਸਤੇ ਲੁਧਿਆਣੇ ਕਮੇਟੀ ਬਣਾਈ ਹੈ ਅਤੇ ਜਲਦੀ ਕੰਮ ਪੂਰਾ ਹੋ ਜਾਵੇਗਾ।

ਦੂਜੀ ਬੇਨਤੀ ਹੈ ਕਿ ਅਵਾਰਾ ਪਸ਼ੂਆਂ ਦਾ ਮਸਲਾ ਪੂਰੇ ਪੰਜਾਬ ਦਾ ਹੈ ਅਤੇ ਖਾਸ ਕਰਕੇ ਲੁਧਿਆਣੇ ਦਾ ਹੈ। ਲੁਧਿਆਣਾ ਵਿੱਚ ਜਿੱਥੇ ਅਵਾਰਾ ਪਸ਼ੂ ਲੋਕਾਂ ਨੂੰ ਮਾਰ ਰਹੇ ਹਨ, ਉਥੇ ਪਿੰਡਾਂ ਵਿੱਚ ਫਸਲਾਂ ਉਜਾੜ ਰਹੇ ਹਨ। ਜਿਹੜਾ ਆਪਾਂ ਗਊ ਸੈੱਸ ਇਕੱਠਾ ਕਰਦੇ ਹਾਂ, ਸ਼ਰਾਬ ਤੋਂ ਵੀ ਇਕੱਠਾ ਕਰਦੇ ਹਾਂ ਅਤੇ ਹੋਰ ਸਾਧਨਾਂ ਤੋਂ ਵੀ ਇਕੱਠਾ ਕਰਦੇ ਹਾਂ, ਮੈਂਬਰ ਸਾਹਿਬ ਨੇ ਪਹਿਲਾਂ ਵੀ ਮਸਲਾ ਉਠਾਇਆ ਸੀ ਕਿ ਗਊ ਸੈੱਸ ਵੰਡਿਆ ਜਾਂਦਾ ਹੈ ਫੇਰ ਉਥੇ ਹੀ ਖਰਚਿਆ ਜਾਂਦਾ ਹੈ। ਇਸ ਵਾਸਤੇ ਅਲੱਗ ਹੈੱਡ ਬਣਾਇਆ ਜਾਵੇ। ਉਸ ਵਾਸਤੇ ਅਲੱਗ ਟੀਮ ਬਣਾਈ ਜਾਵੇ ਜਿਹੜੀ ਕਿ ਗਊਆਂ ਨੂੰ ਸੰਭਾਲ ਸਕੇ। ਇਕ ਅਲੱਗ ਹੈੱਡ ਬਣਾ ਕੇ ਗਊਆਂ ਦਾ ਮਸਲਾ ਹੱਲ ਕੀਤਾ ਜਾਵੇ ਤਾਂ ਕਿ ਕੀਮਤੀ ਜਾਨਾਂ ਬਚ ਸਕਣ ਅਤੇ ਲੋਕਾਂ ਦੀਆਂ ਫਸਲਾਂ ਵੀ ਬਚ ਸਕਣ।

30.6.2022 KK Rk 5.05

**ਸ਼੍ਰੀ ਬੁੱਧ ਰਾਮ (ਬੁੱਢਲਾਡਾ, ਐਸ.ਸੀ)** : ਸਪੀਕਰ ਸਾਹਿਬ, ਮੈਂ ਕੱਲ੍ਹ ਇਕ ਕੁਐਸਚਨ ਲਗਾਇਆ ਸੀ ਪਰ ਟਾਈਮ ਪੂਰਾ ਹੋ ਗਿਆ ਸੀ। ਇਹ ਕੁਐਸਚਨ ਕੱਟੇ ਹੋਏ ਰਾਸ਼ਨ ਕਾਰਡਾਂ ਬਾਰੇ ਸੀ ਜੋ ਕਿ ਆਟਾ-ਦਾਲ ਸਕੀਮ ਦੇ ਸਨ। ਪਿਛਲੀ ਕਾਂਗਰਸ ਸਰਕਾਰ ਵੇਲੇ ਪੰਜ ਲੱਖ ਕਾਰਡ ਕੱਟੇ ਗਏ ਸਨ। ਜਦੋਂ ਇਹ ਕਾਰਡ ਕੱਟ ਦਿੱਤੇ ਗਏ ਤਾਂ ਉਨ੍ਹਾਂ ਦੇ ਉਪਰ ਉਥੇ ਕੈਪਿੰਗ ਲਗਾ ਦਿੱਤੀ ਗਈ ਸੀ ਕਿ ਜੇ ਕੋਈ ਪਿੰਡ ਹੈ, ਉਸ ਵਿੱਚ 200 ਕਾਰਡ ਹੀ ਬਣਾਉਣੇ ਹਨ ਭਾਵੇਂ ਉਥੇ ਲੋੜਵੰਦ ਬੰਦੇ 250 ਹੋਣ। 200 ਕਾਰਡ ਹੀ ਬਣ ਸਕਦੇ ਸੀ। ਉਹ ਕੈਪਿੰਗ ਲੱਗਣ ਨਾਲ ਜਿਹੜੇ ਸਾਰੇ ਉਪਰਲੇ ਕਾਰਡ ਸੀ, ਉਹ ਕੱਟ ਦਿੱਤੇ ਗਏ। ਜ਼ਿਲ੍ਹਾ ਇੰਸਪੈਕਟਰਾਂ ਨੇ ਕੱਟਣੇ ਸੀ, ਉਨ੍ਹਾਂ ਨੇ ਸੋਚਿਆ ਹੋਣਾ ਕਿ ਜੇ ਚੰਗੇ-ਭਲੇ ਗੁਜ਼ਾਰੇ ਵਾਲੇ ਪਰਿਵਾਰਾਂ ਦੇ ਕਾਰਡ ਕੱਟ ਦਿੱਤੇ ਗਏ ਤਾਂ

ਉਹ ਸਾਡੇ ਗਲ਼ ਪੈਣਗੇ, ਉਨ੍ਹਾਂ ਨੇ ਗਰੀਬਾਂ ਦੇ ਕਾਰਡ ਕੱਟ ਦਿੱਤੇ। ਪੰਜ ਸਾਲ ਦਾ ਉਹ ਸਮਾਂ ਲੰਘ ਗਿਆ, ਜਦੋਂ ਆਪਣੀ ਸਰਕਾਰ ਆਈ ਨਹੀਂ ਸੀ, ਅਸੀਂ ਲੋਕਾਂ ਨੂੰ ਕਹਿੰਦੇ ਰਹੇ ਕਿ ਜਦੋਂ ਸਰਕਾਰ ਆਵੇਗੀ ਤਾਂ ਉਦੋਂ ਬਣਾ ਦਿੱਤੇ ਜਾਣਗੇ। ਸਪੀਕਰ ਸਾਹਿਬ, ਉਹ ਕਾਰਡ ਅਜੇ ਤੱਕ ਵੀ ਨਹੀਂ ਬਣੇ, ਮੇਰੇ ਹਲਕੇ ਵਿੱਚ 5600 ਰਾਸ਼ਨ ਕਾਰਡ ਕੱਟੇ ਗਏ ਸੀ। ਮੇਰੇ ਦਫ਼ਤਰ ਵਿੱਚ ਸਵੇਰੇ ਮੇਰੇ ਕੋਲ ਹਰ ਰੋਜ਼ ਗਰੀਬ ਲੋਕ ਆ ਕੇ ਰਾਸ਼ਨ ਕਾਰਡ ਦੇ ਜਾਂਦੇ ਹਨ, ਜ਼ਿਲ੍ਹਾ ਉਪਰ ਪਿਛਲੇ ਮੁੱਖ ਮੰਤਰੀ ਸਾਹਿਬ ਦੀ ਤਸਵੀਰ ਲੱਗੀ ਹੋਈ ਹੁੰਦੀ ਹੈ। ਲੋਕ ਕਹਿੰਦੇ ਹਨ ਕਿ ਲੈ ਪੁੱਤ ਸਾਡਾ ਇਹ ਕਾਰਡ ਦੁਬਾਰਾ ਬਣਾ। ਸਪੀਕਰ ਸਾਹਿਬ, ਜ਼ਿਲ੍ਹਾ ਲੋਕਾਂ ਕੋਲ 15-15 ਕਿੱਲੇ ਜ਼ਮੀਨ ਹੈ, ਉਨ੍ਹਾਂ ਚੰਗੇ ਭਲੇ ਪਰਿਵਾਰਾਂ ਦੇ ਰਾਸ਼ਨ ਕਾਰਡ ਬਣੇ ਹੋਏ ਹਨ ਪਰ ਜਿਹੜਾ ਕੋਈ ਉਨ੍ਹਾਂ ਦੇ ਘਰ ਨੌਕਰ ਲੱਗਿਆ ਹੋਇਆ ਹੈ, ਉਸ ਦਾ ਰਾਸ਼ਨ ਕਾਰਡ ਕੱਟਿਆ ਗਿਆ ਸੀ। ਇੱਥੇ ਮੰਤਰੀ ਸਾਹਿਬ ਬੈਠੇ ਹਨ, ਮੈਂ ਉਨ੍ਹਾਂ ਨੂੰ ਅਤੇ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਮੇਰੇ ਕੋਲ ਜਿਹੜੇ ਉਹ 10-15 ਵਿਅਕਤੀ ਆਉਂਦੇ ਹਨ, ਉਨ੍ਹਾਂ ਦੇ ਘਰ ਵਿੱਚ ਹਫ਼ਤਾ-ਹਫ਼ਤਾ ਤੇ 10-10 ਦਿਨਾਂ ਲਈ ਚੁੱਲ੍ਹੇ ਵਿੱਚ ਅੱਗ ਨਹੀਂ ਬਲ਼ਦੀ। ਮੈਂ ਉਨ੍ਹਾਂ ਨੂੰ ਕਹਿੰਦਾ ਹਾਂ ਕਿ ਭਾਈ ਕੋਈ ਨਹੀਂ, ਸੈਸ਼ਨ ਆਉਣ ਵਾਲਾ ਹੈ, ਅਸੀਂ ਉਥੇ ਤੁਹਾਡਾ ਮਸਲਾ ਉਠਾਵਾਂਗਾ। ਜਦੋਂ ਉਹ ਲੋਕ ਨਿਰਾਸ਼ ਹੋ ਕੇ ਮੁੜਦੇ ਹਨ ਤਾਂ ਉਨ੍ਹਾਂ ਵਿੱਚੋਂ ਅੱਧੇ ਕੁ ਭਾਵ 5-6 ਵਿਅਕਤੀ ਤਾਂ ਆਪਣੇ ਬੱਚਿਆਂ ਨੂੰ ਨਾਲ ਲੈ ਕੇ ਮੰਗਣ ਲਈ ਚਲੇ ਜਾਂਦੇ ਹਨ ਤਾਂ ਜੋ ਰੋਟੀ ਖਾ ਸਕਣ ਅਤੇ ਕੁਝ ਨੌਵੇਂ ਪਾਤਸ਼ਾਹ ਦੇ ਗੁਰਦੁਆਰਾ ਸਾਹਿਬ ਵਿੱਚ ਲੰਗਰ ਖਾਣ ਲਈ ਚਲੇ ਜਾਂਦੇ ਹਨ। ਸਪੀਕਰ ਸਾਹਿਬ, ਇਹ ਬਹੁਤ ਵੱਡਾ ਮਸਲਾ ਹੈ, ਜਿਹੜੇ ਗਰੀਬਾਂ ਦੇ ਰਾਸ਼ਨ ਕਾਰਡ ਕੱਟੇ ਗਏ ਹਨ, ਉਹ ਦੁਬਾਰਾ ਤੋਂ ਬਣਾਏ ਜਾਣ। ਇਸ ਦੇ ਨਾਲ ਹੀ ਇਨ੍ਹਾਂ ਰਾਸ਼ਨ ਕਾਰਡਾਂ ਸਬੰਧੀ ਰਿਵਿਊ ਵੀ ਕੀਤਾ ਜਾਵੇ, ਚੰਗੇ ਭਲੇ ਗੁਜ਼ਾਰਾ ਕਰਦੇ ਲੋਕਾਂ ਦੇ ਕਾਰਡ ਬਣੇ ਹੋਏ ਹਨ ਪਰ ਗਰੀਬਾਂ ਦੇ ਕੱਟ ਦਿੱਤੇ ਗਏ ਸੀ। ਸਪੀਕਰ ਸਾਹਿਬ, ਜਿਹੜੀ ਗਰੀਬ ਲੋਕਾਂ ਦੀ ਹਾਅ ਹੈ, ਉਹ ਪਿਛਲੀ ਸਰਕਾਰ ਨੂੰ ਤਾਂ ਲੱਗ ਚੁੱਕੀ ਹੈ ਅਤੇ ਉਹ ਹੁਣ ਭੁਗਤ ਰਹੇ ਹਨ । ਕਿਤੇ ਅਜਿਹਾ ਨਾ ਹੋਵੇ ਕਿ ਉਹ ਹੁਣ ਸਾਨੂੰ ਵੀ ਲੱਗ ਜਾਵੇ। ਧੰਨਵਾਦ ਜੀ।

**ਸਰਦਾਰ ਕੁਲਵੰਤ ਸਿੰਘ ਸਿੱਧੂ (ਆਤਮ ਨਗਰ):** ਸਪੀਕਰ ਸਾਹਿਬ, ਬਹੁਤ ਧੰਨਵਾਦ ਜੀ। ਆਪਾਂ ਵੋਟਾਂ ਤੋਂ ਪਹਿਲਾਂ ਪੰਜਾਬ ਦੀ ਜਨਤਾ ਨਾਲ ਵੱਖ-ਵੱਖ ਵਾਅਦਿਆਂ ਦੇ ਨਾਲ ਇਹ ਵੀ ਵਾਅਦਾ ਕੀਤਾ ਸੀ, ਭਾਵੇਂ ਕਿ ਅਸੀਂ ਵਿਦੇਸ਼ਾਂ ਵਿੱਚ ਜਾਣ ਦੇ ਖਿਲਾਫ ਨਹੀਂ ਹਾਂ ਪਰ ਅਸੀਂ ਬਾਹਰ ਜਾਣ ਵਾਲੇ ਨੌਜਵਾਨ ਮੁੰਡੇ ਕੁੜੀਆਂ ਦੀ 50% ਦਰ ਨੂੰ ਘੱਟ ਕਰਾਂਗੇ। ਸਪੀਕਰ ਸਾਹਿਬ, ਆਪਾਂ ਉਸ ਦਰ ਨੂੰ ਘੱਟ ਤਾਂ ਹੀ ਕਰ ਸਕਾਂਗੇ, ਜੇ ਉਨ੍ਹਾਂ ਨੂੰ ਇੱਥੇ ਸਹੀ ਮਾਹੌਲ ਦੇਵਾਂਗੇ। ਮੈਂ ਆਪਣੇ ਹਲਕੇ ਆਤਮ ਨਗਰ ਦੀ ਗੱਲ ਦੱਸਣੀ ਚਾਹੁੰਦਾ ਹਾਂ ਕਿ ਉਹ ਸੈਮੀ ਕਮਰਸ਼ੀਅਲ ਏਰੀਆ ਹੈ। ਜਿੱਥੇ ਥੱਲੇ ਵਾਲੇ ਪੋਰਸ਼ਨ ਵਿੱਚ 50 ਗਜ਼ ਦੀ ਫੈਕਟਰੀ ਹੈ ਅਤੇ ਉਪਰ ਘਰ

ਬਣਿਆ ਹੋਇਆ ਹੈ। ਉਨ੍ਹਾਂ ਲੋਕਾਂ ਦੇ ਸਿਰ ਤੇ ਇੱਕ ਤਲਵਾਰ ਮਿਕਸਡ ਲੈਂਡ ਯੂਜ਼ ਪਾਲਿਸੀ ਤਹਿਤ ਲਟਕ ਰਹੀ ਹੈ। ਜਿਸ ਦੀ ਕਿ ਸਾਲ 2023 ਵਿੱਚ ਮਿਆਦ ਖਤਮ ਹੋ ਰਹੀ ਹੈ। ਉਨ੍ਹਾਂ ਲੋਕਾਂ ਦੇ ਮਨ ਵਿੱਚ ਸਭ ਤੋਂ ਵੱਡਾ ਡਰ ਬਣਿਆ ਰਹਿੰਦਾ ਹੈ। ਉਹ ਡਰ ਦੇ ਮਾਹੌਲ ਵਿੱਚ ਕੰਮ ਕਰਦੇ ਹੋਏ ਸੋਚਦੇ ਹਨ ਕਿ ਸਾਡੀ ਫੈਕਟਰੀ ਤਾਂ ਗਈ।

ਸਪੀਕਰ ਸਾਹਿਬ, ਇੱਕ ਹੋਰ ਮਸਲਾ ਹੈ ਜੀ। ਇਸ ਤੋਂ ਬਾਅਦ ਇੱਕ ਹੋਰ ਗੱਲ ਹੋ ਗਈ ਕਿ ਪਿਛਲੇ ਦਿਨਾਂ ਤੋਂ ਇੱਕ 45 ਦਿਨ ਦਾ ਐਡਵਾਂਸ ਬਿਲ ਮੰਗਿਆ ਜਾ ਰਿਹਾ ਹੈ। ਇੱਥੇ ਬਿਜਲੀ ਮੰਤਰੀ ਸਾਹਿਬ ਬੈਠੇ ਹਨ, ਮੈਂ ਇਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਹੈ। ਸਪੀਕਰ ਸਾਹਿਬ, ਜਦੋਂ ਇੱਥੇ ਕਾਰਖਾਨੇਦਾਰਾਂ ਨੂੰ ਕਾਰੋਬਾਰ ਚਲਾਉਣ ਵਾਲਾ ਢੁੱਕਵਾਂ ਮਾਹੌਲ ਨਹੀਂ ਮਿਲੇਗਾ ਤਾਂ ਉਹ ਆਪਣੇ ਬੱਚਿਆਂ ਨੂੰ ਬਾਹਰ ਭੇਜਣ ਲਈ ਮਜਬੂਰ ਹੋ ਜਾਣਗੇ। ਮੈਂ ਬੇਨਤੀ ਕਰਦਾ ਹਾਂ ਕਿ ਇਸ ਮਾਮਲੇ ਵੱਲ ਧਿਆਨ ਦਿੱਤਾ ਜਾਵੇ।

**ਸ਼੍ਰੀ ਅਮੋਲਕ ਸਿੰਘ (ਜੈਤੋਂ, ਐਸ.ਸੀ.):** ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਜੀ। ਸਰ, ਮੈਂ ਦੋ ਗੱਲਾਂ ਹੀ ਕਰਨੀਆਂ ਹਨ, ਕਿਰਪਾ ਕਰਕੇ ਘੰਟੀ ਨਾ ਵਜਾਇਓ ਜੀ ਤੇ ਮੇਰਾ ਮਾਈਕ ਬੰਦ ਨਾ ਕਰਿਓ ਜੀ। ਸਪੀਕਰ ਸਾਹਿਬ, ਸਾਡੇ ਹਲਕੇ ਵਿੱਚ ਲੰਬੇ ਸਮੇਂ ਤੋਂ ਸਭ ਤੋਂ ਵੱਡੀ ਸੀਵਰੇਜ ਦੀ ਸਮੱਸਿਆ ਹੈ। ਜਦੋਂ ਵੀ ਹਲਕੀ ਜਿਹੀ ਬਾਰਸ਼ ਹੁੰਦੀ ਹੈ ਤਾਂ ਮੇਰਾ ਹਲਕਾ ਨਰਕ ਵਰਗਾ ਬਣ ਜਾਂਦਾ ਹੈ ਜੀ। ਉਥੇ ਸੀਵਰੇਜ਼ ਬਣੇ ਨੂੰ ਅਜੇ ਥੋੜ੍ਹਾ ਜਿਹਾ ਟਾਈਮ ਹੀ ਹੋਇਆ ਹੈ। ਮੈਂ ਚਾਹੁੰਦਾ ਹਾਂ ਕਿ ਉਹ ਸੀਵਰੇਜ ਬਣਾਉਣ ਵਿੱਚ ਜਿਹੜਾ ਘਪਲਾ ਹੋਇਆ ਹੈ, ਉਹ ਚੈੱਕ ਕੀਤਾ ਜਾਵੇ। ਜਾਂ ਇਸ ਦੀ ਜਾਂਚ ਕਰਵਾਈ ਜਾਵੇ ਕਿ ਉਹ ਖਰਾਬ ਕਿਉਂ ਹੋ ਰਿਹਾ ਹੈ ਅਤੇ ਜ਼ਿਲ੍ਹਾ ਦੋਸ਼ੀਆਂ ਨੇ ਖਰਾਬ ਕੀਤਾ ਹੈ, ਉਨ੍ਹਾਂ ਸਜ਼ਾ ਦਿੱਤੀ ਜਾਵੇ, ਟੰਗਿਆ ਜਾਵੇ ਜੀ।

ਸਪੀਕਰ ਸਾਹਿਬ, ਮੇਰੀ ਦੂਜੀ ਗੱਲ ਇਹ ਹੈ ਕਿ ਜਿਹੜਾ ਮੈਰੀਟੋਰੀਅਸ ਸਕੂਲ ਦਾ ਸਟਾਫ ਹੈ, ਉਨ੍ਹਾਂ ਦੀਆਂ ਕੁਝ ਮੰਗਾਂ ਹਨ। ਮੈਂ ਚਾਹੁੰਦਾ ਹਾਂ ਕਿ ਸਰਕਾਰ ਉਨ੍ਹਾਂ ਵੱਲ ਵੀ ਧਿਆਨ ਦੇਵੇ। ਇੱਥੇ ਸਬੰਧਿਤ ਮੰਤਰੀ ਸਾਹਿਬ ਬੈਠੇ ਹਨ।

ਸਪੀਕਰ ਸਾਹਿਬ, ਮੈਂ ਇੱਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ ਕਿ ਸਾਡੇ ਸ੍ਰੀ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ/ਹਸਪਤਾਲ ਦੇ ਵੀ.ਸੀ. ਹਨ, ਉਹ ਡਾਕਟਰ ਜ਼ਰੂਰ ਚੰਗੇ ਹੋ ਸਕਦੇ ਹਨ ਪਰ ਮੈਨੂੰ ਲਗਦਾ ਹੈ ਕਿ ਉਹ ਪ੍ਰਬੰਧਕ ਚੰਗੇ ਨਹੀਂ ਹਨ । ਸੋ, ਮੇਰੀ ਬੇਨਤੀ ਹੈ, ਮੁੱਖ ਮੰਤਰੀ ਸਾਹਿਬ ਵੀ ਇੱਥੇ ਬੈਠੇ ਹਨ, ਕਿਰਪਾ ਕਰਕੇ ਉਨ੍ਹਾਂ ਦੀ ਸਿਫਾਰਸ਼ ਕੀਤੀ ਜਾਵੇ, ਜਾਂ ਤਾਂ ਉਨ੍ਹਾਂ ਨੂੰ ਵਾਰਨ ਕੀਤਾ ਜਾਵੇ ਕਿ ਜਲਦੀ ਤੋਂ ਜਲਦੀ ਸਿਸਟਮ ਸਹੀ ਕੀਤਾ ਜਾਵੇ ਜਾਂ ਉਨ੍ਹਾਂ ਨੂੰ ਉਥੋਂ ਬਦਲਿਆ ਜਾਵੇ। ਮੇਰੀ ਇੰਨੀ ਕੁ ਬੇਨਤੀ ਹੈ। ਧੰਨਵਾਦ ਜੀ।

-------

## MOTION UNDER RULE 16

**ਮਾਨਯੋਗ ਸਪੀਕਰ :** ਨਿਯਮ 16 ਅਧੀਨ ਪ੍ਰਸਤਾਵ । ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ, ਸਿੱਖਿਆ ਮੰਤਰੀ ਪ੍ਰਸਤਾਵ ਪੇਸ਼ ਕਰਨ ।

**ਸਿੱਖਿਆ ਮੰਤਰੀ (ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਵਿਧਾਨ ਸਭਾ ਅੱਜ ਦੇ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਵਿਧਾਨ ਸਭਾ ਅੱਜ ਦੇ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਵਿਧਾਨ ਸਭਾ ਅੱਜ ਦੇ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ ।

***ਪ੍ਰਸਤਾਵ ਪ੍ਰਵਾਨ ਹੋਇਆ ।***

-------

30.06.2022/5.10/ਹਰਪ੍ਰੀਤ ਸਿੰਘ/ਮੋਨਿਕਾ ਸ਼ਰਮਾ

## PAPERS LAID ON THE TABLE OF THE HOUSE

**ਮਾਨਯੋਗ ਸਪੀਕਰ :** ਅਗਲੀ ਆਈਟਮ, ਸਦਨ ਦੀ ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼ ਪੱਤਰ ।

**ਸਿੱਖਿਆ ਮੰਤਰੀ (ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ) :** ਸ਼੍ਰੀਮਾਨ ਜੀ, ਮੈਂ ਅੱਜ ਦੀ ਕਾਰਜ-ਸੂਚੀ ਵਿਚ ਮੱਦ ਨੰ. IV ਅਧੀਨ ਦਰਸਾਏ ਗਏ ਲੜੀ ਨੰ. 1 ਅਤੇ 2 ਤੱਕ ਦੇ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖਦਾ ਹਾਂ :

1. i) ਅਧਿਸੂਚਨਾ ਨੰ: ਆਰ.ਈ.ਆਰ.ਏ./ਰੈਗੂਲੇਸ਼ਨਜ਼ (ਜੀ) /2022/422, ਮਿਤੀ 20.01.2022;

   ii) ਅਧਿਸੂਚਨਾ ਨੰ: ਆਰ.ਈ.ਆਰ.ਏ./ਰੈਗੂਲੇਸ਼ਨਜ਼ (ਸ਼ਿਕਾਇਤ ਨਿਵਾਰਨ) /2022/434, ਮਿਤੀ 21.01.2022;

   iii) ਅਧਿਸੂਚਨਾ ਨੰ: ਆਰ.ਈ.ਆਰ.ਏ./ਰੈਗੂਲੇਸ਼ਨਜ਼ (ਭਰਤੀ) /2022/2458, ਮਿਤੀ 24.03.2022;

iv) ਅਧਿਸੂਚਨਾ ਨੰ: ਆਰ.ਈ.ਆਰ.ਏ./ਰੈਗੂਲੇਸ਼ਨਜ਼ (ਜਨਰਲ) /2022/423, ਮਿਤੀ 20.01.2022 ਅਧੀਨ ਜਾਰੀ ਕੀਤਾ ਗਿਆ ਸ਼ੁੱਧੀ ਪੱਤਰ; ਅਤੇ

v) ਅਧਿਸੂਚਨਾ ਨੰ: ਆਰ.ਈ.ਆਰ.ਏ./ਰੈਗੂਲੇਸ਼ਨਜ਼ (ਭਰਤੀ) /2022/2459, ਮਿਤੀ 24.03.2022 ਅਧੀਨ ਜਾਰੀ ਕੀਤਾ ਗਿਆ ਸ਼ੁੱਧੀ ਪੱਤਰ

ਜਿਵੇਂ ਕਿ ਰੀਅਲ ਅਸਟੇਟ (ਰੈਜੂਲੇਸ਼ਨ ਐਂਡ ਡਿਵੈਲਪਮੈਂਟ) ਐਕਟ, 2016 ਦੀ ਧਾਰਾ 86 (2) ਅਧੀਨ ਲੋੜੀਂਦਾ ਹੈ; ਅਤੇ

2. ਸਾਲ 2020-21 ਲਈ ਰੀਅਲ ਅਸਟੇਟ ਰੈਗੂਲੇਟਰੀ ਅਥਾਰਟੀ ਦੀ ਸਾਲਾਨਾ ਰਿਪੋਰਅ ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਰੀਅਲ ਅਸਟੇਟ (ਰੈਜੂਲੇਸ਼ਨ ਐਂਡ ਡਿਵੈਲਪਮੈਂਟ) ਐਕਟ, 2016 ਦੀ ਧਾਰਾ 78 (2) ਅਧੀਨ ਲੋੜੀਂਦਾ ਹੈ।

---------------

## LEGISLATIVE BUSINESS

## I. THE PUNJAB RURAL DEVELOPMENT (AMENDMENT) BILL, 2022

**ਮਾਨਯੋਗ ਸਪੀਕਰ:** ਵਿੱਤ ਮੰਤਰੀ ਜੀ ਬਿਲ ਪੇਸ਼ ਕਰਨ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ):** ਸ਼੍ਰੀਮਾਨ ਜੀ, ਮੈਂ ਦਿ ਪੰਜਾਬ ਰੂਰਲ ਡਿਵੈਲਪਮੈਂਟ (ਸੋਧਨਾ) ਬਿਲ, 2022 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

ਕਿ ਦਿ ਪੰਜਾਬ ਰੂਰਲ ਡਿਵੈਲਪਮੈਂਟ (ਸੋਧਨਾ) ਬਿਲ, 2022 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ -

ਕਿ ਦਿ ਪੰਜਾਬ ਰੂਰਲ ਡਿਵੈਲਪਮੈਂਟ (ਸੋਧਨਾ) ਬਿਲ, 2022 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ:** ਬਹਿਸ, ਜੇਕਰ ਕੋਈ ਹੈ?

(ਇਸ ਸਮੇਂ ਕੋਈ ਵੀ ਮਾਨਯੋਗ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ)

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਦਿ ਪੰਜਾਬ ਰੂਰਲ ਡਿਵੈਲਪਮੈਂਟ (ਸੋਧਨਾ) ਬਿਲ, 2022 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ:** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਕਲਾਜ਼ 2**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ 2 ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕੀ ਕਲਾਜ਼ 1 ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

**ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।**

**ਸਿਰਲੇਖ**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ:** ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਦਿ ਪੰਜਾਬ ਰੂਰਲ ਡਿਵੈਲਪਮੈਂਟ (ਸੋਧਨਾ) ਬਿਲ, 2022 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਦਿ ਪੰਜਾਬ ਰੂਰਲ ਡਿਵੈਲਪਮੈਂਟ (ਸੋਧਨਾ) ਬਿਲ, 2022 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਦਿ ਪੰਜਾਬ ਰੂਰਲ ਡਿਵੈਲਪਮੈਂਟ (ਸੋਧਨਾ) ਬਿਲ, 2022 ਪਾਸ ਕੀਤਾ ਜਾਵੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।(ਥੰਪਿੰਗ)***

---------------

## II. THE PUNJAB AGRICULTURAL PRODUCE MARKETS (AMENDMENT) BILL, 2022

**ਮਾਨਯੋਗ ਸਪੀਕਰ**: ਵਿੱਤ ਮੰਤਰੀ ਜੀ ਬਿਲ ਪੇਸ਼ ਕਰਨ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ):** ਸ਼੍ਰੀਮਾਨ ਜੀ, ਮੈਂ ਦਿ ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਸੋਧਨਾ) ਬਿਲ, 2022 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

ਕਿ ਦਿ ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਸੋਧਨਾ) ਬਿਲ, 2022 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ -

ਕਿ ਦਿ ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਸੋਧਨਾ) ਬਿਲ, 2022 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ:** ਬਹਿਸ, ਜੇਕਰ ਕੋਈ ਹੈ?

(ਇਸ ਸਮੇਂ ਕੋਈ ਵੀ ਮਾਨਯੋਗ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ)

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਦਿ ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਸੋਧਨਾ) ਬਿਲ, 2022 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ:** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਕਲਾਜ਼ 2**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ 2 ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕੀ ਕਲਾਜ਼ 1 ਸਬ-ਕਲਾਜ਼ (1) ਬਿੱਲ ਦਾ ਹਿੱਸਾ ਹੈ।

*ਪ੍ਰਸਤਾਵ ਪ੍ਰਵਾਨ ਹੋਇਆ।*

**ਸਿਰਲੇਖ**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

*ਪ੍ਰਸਤਾਵ ਪ੍ਰਵਾਨ ਹੋਇਆ।*

**ਮਾਨਯੋਗ ਸਪੀਕਰ**: ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਦਿ ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਸੋਧਨਾ) ਬਿਲ, 2022 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਦਿ ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਸੋਧਨਾ) ਬਿਲ, 2022 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਦਿ ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਸੋਧਨਾ) ਬਿਲ, 2022 ਪਾਸ ਕੀਤਾ ਜਾਵੇ।

*ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।(ਥੰਪਿੰਗ)*

-----

ਅ.ਕ/ਮੋ.ਸ਼/5.15/30.6.2022

## III. THE PUNJAB STATE LEGISLATURE MEMBERS (PENSION AND MEDICAL FACILITIES REGULATION) AMENDMENT BILL, 2022

**ਮਾਨਯੋਗ ਸਪੀਕਰ:** ਸਿੱਖਿਆ ਮੰਤਰੀ ਜੀ ਬਿਲ ਪੇਸ਼ ਕਰਨ।

**ਸਿੱਖਿਆ ਮੰਤਰੀ (ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ):** ਸ਼੍ਰੀਮਾਨ ਜੀ, ਮੈਂ ਦਿ ਪੰਜਾਬ ਸਟੇਟ ਲੈਜਿਸਲੇਚਰ ਮੈਂਬਰਜ਼ (ਪੈਨਸ਼ਨ ਅਤੇ ਮੈਡੀਕਲ ਫੈਸਿਲੀਟੀਜ਼ ਰੈਗੂਲੇਸ਼ਨ) ਸੋਧ ਬਿਲ, 2022 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

> ਕਿ ਦਿ ਪੰਜਾਬ ਸਟੇਟ ਲੈਜਿਸਲੇਚਰ ਮੈਂਬਰਜ਼ (ਪੈਨਸ਼ਨ ਅਤੇ ਮੈਡੀਕਲ ਫੈਸਿਲੀਟੀਜ਼ ਰੈਗੂਲੇਸ਼ਨ) ਸੋਧ ਬਿਲ, 2022 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ -

> ਕਿ ਦਿ ਪੰਜਾਬ ਸਟੇਟ ਲੈਜਿਸਲੇਚਰ ਮੈਂਬਰਜ਼ (ਪੈਨਸ਼ਨ ਅਤੇ ਮੈਡੀਕਲ ਫੈਸਿਲੀਟੀਜ਼ ਰੈਗੂਲੇਸ਼ਨ) ਸੋਧ ਬਿਲ, 2022 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ:** ਬਹਿਸ, ਜੇਕਰ ਕੋਈ ਹੈ?

**ਸਰਦਾਰ ਪਰਗਟ ਸਿੰਘ ਪੋਆਰ (ਜਲੰਧਰ ਛਾਉਣੀ):** ਸਪੀਕਰ ਸਾਹਿਬ, ਤੁਹਾਡੀ ਮਾਰਫਤ ਮੈਂ ਇੱਕ ਰਿਕੁਐਸਟ ਚੀਫ ਮਨਿਸਟਰ ਸਾਹਿਬ ਅਤੇ ਸਿੱਖਿਆ ਮੰਤਰੀ ਸਾਹਿਬ ਨੂੰ ਕਰਨੀ ਚਾਹੁੰਦਾ ਹਾਂ। ਐਮ.ਐਲ.ਏ ਦਾ ਪ੍ਰੋਟੋਕੋਲ ਚੀਫ ਸਕੱਤਰ ਦੇ ਬਰਾਬਰ ਹੈ। ਮੈਂ ਇਸ ਗੱਲ ਨਾਲ ਬਿਲਕੁਲ ਸਹਿਮਤ ਹਾਂ ਕਿ M.L.A ਨੂੰ ਇੱਕ ਹੀ ਪੈਨਸ਼ਨ ਮਿਲਣੀ ਚਾਹੀਦੀ ਹੈ। But at the same time ਇਹ ਜ਼ਰੂਰ ensure ਕਰ ਲੈਣਾ ਚਾਹੀਦਾ ਹੈ ਕਿ ਜਿਹੜੀ ਪੇਅ ਅਤੇ ਪੈਨਸ਼ਨ ਜੋ ਇੱਕ ਟਾਈਮ ਮਿਲਣੀ ਹੈ, ਉਹ ਚੀਫ ਸਕੱਤਰ ਦੇ ਬਰਾਬਰ ਹੋਣੀ ਚਾਹੀਦੀ ਹੈ। ਇਸ ਤਰ੍ਹਾਂ ਵੀ ਨਾ ਕੀਤਾ ਜਾਵੇ ਬਿਲਕੁਲ ਹੀ ਯਤੀਮੀ ਵਾਲੇ ਪਾਸੇ ਵੀ ਨਾ ਤੋਰਿਆ ਜਾਵੇ। ਤੁਸੀਂ ਜਾਂ ਤਾਂ ਪ੍ਰੋਟੋਕੋਲ ਵੀ ਉਥੇ ਕੁ ਲੈ ਆਓ, ਮੇਰੇ ਕਹਿਣ ਦਾ ਮਤਲਬ ਹੈ ਕਿ ਪ੍ਰੋਟੋਕੋਲ ਨੂੰ ਵੀ ਥੱਲੇ ਲੈ ਆਓ।ਮੇਰਾ ਖਿਆਲ ਹੈ ਕਿ ਇਹ ਗੱਲ ਵੀ ਇਸ ਦੇ ਵਿੱਚ ਲਿਆਉਣੀ ਚਾਹੀਦੀ ਹੈ। ਅਸੀਂ ਤਾਂ ਸਾਰੇ agree ਕਰ ਰਹੇ ਹਾਂ ਕਿ 2-3 ਜਾਂ 4 ਪੈਨਸ਼ਨਾਂ ਨਹੀਂ ਮਿਲਣੀਆਂ ਚਾਹੀਦੀਆਂ ਹਨ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ (ਬੰਗਾ, ਐਸ.ਸੀ.):** ਸਪੀਕਰ ਸਾਹਿਬ, ਧੰਨਵਾਦ। ਜਿਹੜਾ ਇਹ ਬਿਲ ਲਿਆਂਦਾ ਗਿਆ ਹੈ, ਇਹ ਆਮ ਆਦਮੀ ਪਾਰਟੀ ਨੇ ਬਿਲ ਲਿਆਂਦਾ ਹੈ। ਇਹ ਚੰਗੀ ਗੱਲ ਹੈ ਕਿ ਮੈਂਬਰ ਚਾਹੇ ਜਿੰਨੀ ਵਾਰ ਮਰਜ਼ੀ ਐਮ.ਐਲ.ਏ ਬਣੇ, ਉਸ ਨੂੰ ਪੈਨਸ਼ਨ ਇੱਕੋ ਹੀ ਮਿਲਣੀ ਚਾਹੀਦੀ ਹੈ। ਪਰ ਸਪੀਕਰ

ਸਾਹਿਬ, ਇਸ ਦੇ ਵਿੱਚ ਇੱਕ ਪ੍ਰਾਬਲਮ ਹੈ। ਅਸੀਂ ਇੱਕ ਪੈਨਸ਼ਨ ਦੀ ਗੱਲ ਕਰ ਰਹੇ ਹਾਂ ਪਰ ਜਿਹੜੇ ਮੌਜੂਦਾ ਐਮ.ਐਲ.ਏ ਹਨ, ਉਨ੍ਹਾਂ ਨੂੰ ਪੀ.ਏ ਰੱਖਣ ਦੇ 10,000 ਰੁਪਏ ਮਿਲਦੇ ਹਨ, ਪ੍ਰਾਈਵੇਟ ਡਰਾਈਵਰ ਨੂੰ ਵੀ ਰੱਖਣ ਦੇ 10,000 ਹਜ਼ਾਰ ਰੁਪਏ ਮਿਲਦੇ ਹਨ। ਪਿਛਲੇ 20-25 ਸਾਲਾਂ ਤੋਂ ਇਸ ਤਰ੍ਹਾਂ ਚਲਦਾ ਆ ਰਿਹਾ ਹੈ। ਤੁਸੀਂ ਦੱਸੋ, ਅੱਜ ਕਿਹੜਾ ਡਰਾਈਵਰ ਅਤੇ ਪੀ.ਏ 10,000 ਰੁਪਏ ਵਿੱਚ ਮਿਲਦਾ ਹੈ। ਮੇਰੀ ਬੇਨਤੀ ਹੈ ਕਿ ਇਸ ਸਬੰਧੀ ਵੀ ਸੋਧ ਕੀਤੀ ਜਾਵੇ। ਉਨ੍ਹਾਂ ਨੂੰ ਡੀ.ਏ ਵਗੈਰਾ ਵੀ ਜ਼ਰੂਰ ਦਿਓ। ਵਿਚਾਰੇ ਗਰੀਬ ਨੂੰ ਵੀ ਕੁਝ ਨਾ ਕੁਝ ਮਿਲਦਾ ਰਹੇ ਕਿਉਂਕਿ 15-20 ਸਾਲਾਂ ਤੋਂ ਇੰਨਾਂ ਹੀ ਮਿਲ ਰਿਹਾ ਹੈ। ਦੂਸਰੀ ਗੱਲ, ਵਿਧਾਨ ਸਭਾ ਦੇ ਵਿੱਚ ਇੱਕ ਵਾਰ ਅਸੀਂ Andaman and Nicobar Islands ਜਾਣਾ ਸੀ, ਸਾਰੇ ਮੈਂਬਰਾਂ ਨੇ ਹਾਂ ਕਰ ਦਿੱਤੀ। ਜਦੋਂ ਕਿਹਾ ਗਿਆ ਕਿ 50,000 ਰੁਪਿਆ ਐਡਵਾਂਸ ਦਿੱਤਾ ਜਾਵੇ, 2 ਮੈਂਬਰ ਇਸ ਕਰਕੇ ਨਹੀਂ ਜਾ ਸਕੇ ਕਿਉਂਕਿ ਉਨ੍ਹਾਂ ਕੋਲ 50,000 ਰੁਪਿਆ ਅਰੇਂਜ ਨਹੀਂ ਹੋ ਸਕਿਆ। ਅੱਜ ਵੀ ਇਸ ਵਿਧਾਨ ਸਭਾ ਦੇ ਵਿੱਚ ਉਹ ਦੋਨੋਂ ਮੈਂਬਰ ਮੌਜੂਦ ਹਨ। ਸੀ.ਐਮ ਸਾਹਿਬ ਮੇਰੀ ਇਹ ਬੇਨਤੀ ਹੈ ਕਿ ਕਿਸੇ ਨੂੰ ਜ਼ਰੂਰਤ ਹੁੰਦੀ ਹੈ, ਕਿਸੇ ਨੂੰ ਜ਼ਰੂਰਤ ਨਹੀਂ ਹੁੰਦੀ ।

5.20 / 30.06.2022 ਤਰਲੋਚਨ ਸਿੰਘ / ਸ਼ੁਭਮ ਜੈਨ

ਕੱਲ੍ਹ ਤੁਸੀਂ ਢਾਈ ਵਜੇ ਸੈਸ਼ਨ ਲਗਾਉਣਾ ਸੀ। ਮੈਂ ਸਵੇਰੇ ਗਿਆ ਅਤੇ ਓ.ਪੀ.ਡੀ. ਲਗਾ ਕੇ 5-7 ਹਜ਼ਾਰ ਰੁਪਿਆ ਕਮਾਇਆ ਅਤੇ ਫਿਰ ਵਾਪਸ ਆ ਗਿਆ। ਕਈ ਮੈਂਬਰ ਐਸੇ ਹਨ ਕਿ ਜ਼ਿਲ੍ਹਾ ਕੋਲ ਕੋਈ ਐਸਾ ਕੰਮ ਨਹੀਂ ਕਿ ਉਹ ਦੋ ਤਿੰਨ ਘੰਟੇ ਲਗਾ ਕੇ ਪੈਸੇ ਕਮਾ ਸਕਣ। ਪਰ ਤੁਸੀਂ ਲੋਕਾਂ ਵਿੱਚ ਇਸ ਤਰ੍ਹਾਂ ਦਾ ਮੈਸੇਜ ਲੈ ਕੇ ਚਲੇ ਗਏ ਕਿ ਐਮ.ਐਲ.ਏ./ਐਮ.ਪੀ. ਚੋਰ ਉਚੱਕੇ ਜਿਹੇ ਹੀ ਹਨ। ਇਸ ਵਿੱਚ ਮੈਂ ਸਮਝਦਾ ਹਾਂ ਕਿ ਬਹੁਤ ਵੱਡਾ ਰੋਲ ਸਾਡਾ ਹੀ ਹੈ। ਮੈਂ ਬਹੁਤ ਸਾਰੇ ਮੈਂਬਰਾਂ ਨੂੰ ਜਾਣਦਾ ਹਾਂ ਜ਼ਿਲ੍ਹਾ ਨੂੰ ਜਿਹੜੀ ਸਰਕਾਰੀ ਗੱਡੀ ਦਿੱਤੀ ਹੈ, ਉਨ੍ਹਾਂ ਕੋਲ ਉਹੀ ਹੈ। ਉਨ੍ਹਾਂ ਕੋਲ ਆਪਣੀਆਂ ਗੱਡੀਆਂ, ਆਪਣੇ ਘਰ ਨਹੀਂ ਹਨ। ਲੋਕਾਂ ਨੂੰ ਇਹ ਲੱਗਦਾ ਹੈ ਕਿ ਜਦੋਂ ਤੁਸੀਂ ਐਮ.ਐਲ.ਏ. ਬਣ ਗਏ ਤਾਂ ਤੁਹਾਨੂੰ ਡੇਢ ਦੋ ਕਰੋੜ ਰੁਪਿਆ ਉਸੇ ਦਿਨ ਮਿਲ ਜਾਂਦਾ ਹੈ ਅਤੇ ਤੁਸੀਂ ਉਸੇ ਦਿਨ ਆਪਣਾ ਮਹਿਲ ਬਣਾ ਲੈਂਦੇ ਹੋ। ਉਸੇ ਦਿਨ ਤੁਹਾਨੂੰ 25-30 ਲੱਖ ਰੁਪਿਆ ਮਿਲਦਾ ਹੈ ਅਤੇ ਤੁਸੀਂ ਆਪਣੀ ਗੱਡੀ ਲੈ ਲੈਂਦੇ ਹੋ। ਕਿੰਨੇ ਕੁ ਐਮ.ਐਲ.ਏ. ਨੇ ਜ਼ਿਲ੍ਹਾ ਨੇ ਆਪਣੇ ਨਵੇਂ ਘਰ ਬਣਾ ਲਏ ਹਨ। (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਤੁਸੀਂ ਤਾਂ ਚਲੋ ਨਵੇਂ ਹੋ, ਇੱਥੇ ਪੁਰਾਣੇ ਵੀ ਹਨ, ਮੈਨੂੰ ਦੱਸੋ ਕਿ ਕਿੰਨਿਆਂ ਕੁ ਨੇ ਨਵੇਂ ਘਰ ਬਣਾ ਲਏ ਹਨ।

**ਇੱਕ ਆਵਾਜ਼ :** ਸਾਰਿਆਂ ਨੇ ਤਾਂ ਬਣਾ ਲਏ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ** : ਨਹੀਂ, ਪਲੀਜ਼, ਮੈਂ ਇਸ ਤਰ੍ਹਾਂ ਨਹੀਂ ਕਹਿੰਦਾ। ਜੇ ਤੁਸੀਂ ਮੈਨੂੰ ਵੀ ਕਹਿਣਾ ਹੈ ਤਾਂ ਤੁਸੀਂ ਖੜ੍ਹੇ ਹੋ ਕੇ ਕਹੋ ਕਿ ਮੈਂ ਚੋਰ ਹਾਂ। ਮਾਨ ਸਾਹਿਬ ਨੇ ਕਿਹਾ ਸੀ ਕਿ ਉਨ੍ਹਾਂ ਨੇ ਪਿਛਲੀ ਵਾਰੀ ਹੱਥ ਜੋੜ ਕੇ ਵੋਟਾਂ ਮੰਗੀਆਂ ਸਨ ਪਰ ਮੈਂ ਪਿਛਲੀ ਵਾਰੀ ਵੀ ਹੱਥ ਜੋੜ ਕੇ ਵੋਟਾਂ ਨਹੀਂ ਮੰਗੀਆਂ, ਇਸ ਵਾਰੀ ਵੀ ਹੱਥ ਜੋੜ ਕੇ ਵੋਟਾਂ ਨਹੀਂ ਮੰਗੀਆਂ। ਲੋਕਾਂ ਨੇ ਵੋਟਾਂ ਪਾਉਣੀਆਂ ਹਨ ਤਾਂ ਪਾ ਹੀ ਦੇਣੀਆਂ ਹਨ। ਜੇਕਰ ਲੋਕਾਂ ਨੂੰ ਪਤਾ ਹੈ ਕਿ ਡਾਕਟਰ ਸੁੱਖੀ ਚੋਰ ਹੈ ਤਾਂ ਚੋਰ ਹੈ, ਜੇ ਸਾਧ ਹੈ ਤਾਂ ਸਾਧ ਹੈ। ਲੋਕਾਂ ਨੂੰ ਪਤਾ ਹੈ, ਹਲਕੇ ਦੇ ਲੋਕ ਸਭ ਕੁਝ ਜਾਣਦੇ ਹਨ। ਮੇਰੀ ਗੱਲ ਟੋਕੋ ਨਾ। ਹਦਾਇਤਾਂ ਦੇ ਪਹਿਲੇ ਹੀ ਪੰਨੇ ਤੇ ਲਿਖਿਆ ਹੁੰਦਾ ਹੈ ਕਿ ਇਨ੍ਹਾਂ ਨੂੰ ਇੰਨੇ ਕਰੋੜ ਰੁਪਿਆ ਜਾਂ ਇੰਨੇ ਲੱਖ ਰੁਪਿਆ ਲੋਨ ਮਿਲ ਸਕਦਾ ਹੈ। ਕੀ ਕਿਸੇ ਮੈਂਬਰ ਨੂੰ ਮਿਲਿਆ ਹੈ?ਕਹਿੰਦੇ ਕਿ ਕਾਰ ਲੈਣ ਲਈ 20 ਲੱਖ ਰੁਪਿਆ ਲੋਨ ਮਿਲ ਸਕਦਾ ਹੈ। ਕੀ ਕਿਸੇ ਮੈਂਬਰ ਨੂੰ ਮਿਲਿਆ ਹੈ?

ਮਾਨ ਸਾਹਿਬ, ਮੈਂਬਰ ਨੂੰ ਤਨਖਾਹ ਪਤਾ ਕਦੋਂ ਮਿਲਦੀ ਹੈ? ਹਰੇਕ ਵਿਭਾਗ ਵਿੱਚ ਚਾਹੇ ਉਹ ਚੀਫ ਸੈਕਟਰੀ ਹੈ ਜਾਂ ਕਿਸੇ ਵਿਭਾਗ ਦਾ ਪੀਅਨ ਹੈ, ਉਸ ਨੂੰ 1 ਤਾਰੀਖ ਨੂੰ ਤਨਖਾਹ ਮਿਲ ਜਾਂਦੀ ਹੈ। ਪਰ ਮੈਂਬਰ ਨੂੰ ਕਦੋਂ ਮਿਲਦੀ ਹੈ, 18 ਨੂੰ, 20 ਨੂੰ ਪਰ ਐਤਕੀਂ ਤਾਂ 30 ਤੱਕ ਨਹੀਂ ਮਿਲੀ ਹੈ। ਤੁਸੀਂ ਕਿਉਂ ਸਾਨੂੰ ਮਜਬੂਰ ਕਰਦੇ ਹੋ ਕਿ ਅਸੀਂ ਹੇਰਾ ਫੇਰੀ ਕਰੀਏ? ਕਿਉਂ ਮਜਬੂਰ ਕਰਦੇ ਹੋ ਕਿ ਅਸੀਂ ਆਪਣੇ ਹਲਕੇ ਦਾ ਕੋਈ ਚੰਗਾ ਜਿਹਾ ਬੰਦਾ ਗੱਡੀ ਵਿੱਚ ਬਿਠਾਈਏ ਜੋ ਸਾਨੂੰ ਰੋਟੀ ਵੀ ਖਿਲਾਵੇ ਅਤੇ ਸਾਡੇ ਠਹਿਰਨ ਦਾ ਇੰਤਜ਼ਾਮ ਵੀ ਕਰੇ। ਅਸੀਂ ਇਸ ਸਿਸਟਮ ਵਿੱਚ ਕਿਉਂ ਪੈ ਰਹੇ ਹਾਂ? ਜੋ ਵੀ ਦੇਣਾ ਹੈ, ਉਹ ਟਾਈਮ ਤੇ ਤਾਂ ਦਿਉ। ਸੀ.ਐਮ. ਸਾਹਿਬ ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਤੁਸੀਂ ਇਕੱਲੇ ਇਕੱਲੇ ਮੈਂਬਰ ਨੂੰ ਬਿਠਾ ਕੇ ਪੁੱਛ ਲਉ। ਜੇਕਰ ਕਿਸੇ ਨੇ ਮੈਨੂੰ ਵੋਟ ਨਹੀਂ ਪਾਉਣੀ ਤਾਂ ਨਾ ਪਾਵੇ ਕਿ ਡਾਕਟਰ ਸੁੱਖੀ ਨੇ ਇਹ ਗੱਲ ਕਹੀ ਸੀ, ਇਸ ਗੱਲ ਦੀ ਕੋਈ ਚਿੰਤਾ ਨਹੀਂ ਹੈ। ਪਰ ਜੇਕਰ ਅਸੀਂ ਗੱਲ ਹੀ ਨਹੀਂ ਕਰਾਂਗੇ ਤਾਂ ਕੀ ਫਾਇਦਾ ਹੈ। ਕਦੇ ਕਿਸੇ ਅਫ਼ਸਰ ਨੂੰ ਦੂਜੇ ਅਫ਼ਸਰ ਨੂੰ ਚੋਰ ਉਚੱਕਾ ਕਿਹਾ? ਮੇਰੀ ਹੱਥ ਬੰਨ੍ਹ ਕੇ ਬੇਨਤੀ ਹੈ ਕਿ ਸਾਨੂੰ ਇੰਨਾ ਨਾ ਗਿਰਾਉ। ਜੇ ਅਸੀਂ ਮਾੜੇ ਹਾਂ ਤਾਂ ਲੋਕਾਂ ਨੇ ਸਾਨੂੰ ਨਕਾਰ ਦੇਣਾ ਹੈ। ਪਹਿਲਾਂ ਅਸੀਂ ਜ਼ਿਆਦਾ ਸੀ, ਹੁਣ ਘੱਟ ਹਾਂ ਤਾਂ ਇੱਧਰ ਬੈਠ ਗਏ ਹਾਂ। ਹੋ ਸਕਦਾ ਹੈ ਕਿ ਅਗਲੀ ਵਾਰੀ ਤੁਸੀਂ ਇੱਧਰ ਬੈਠੇ ਹੋਵੋ। ਇਹ ਸਮਾਂ ਆਉਂਦਾ ਜਾਂਦਾ ਰਹਿਣਾ ਹੈ ਪਰ ਇੱਕ ਐਮ.ਐਲ.ਏ. ਦੀ ਕੋਈ ਤਾਂ ਰਿਸਪੈਕਟ ਹੋਵੇ। ਅੱਜ 30 ਤਾਰੀਖ ਹੋ ਗਈ ਹੈ, ਕੋਈ ਦੱਸੇ ਕਿ ਕੀ ਤਨਖਾਹ ਮਿਲ ਗਈ ਹੈ? ਕਿਸੇ ਨੂੰ ਵੀ ਨਹੀਂ ਮਿਲੀ ਹੈ। ਇੱਕ ਸਿਸਟਮ ਜ਼ਰੂਰ ਲਾਗੂ ਕਰੋ।

ਸਪੀਕਰ ਸਾਹਿਬ, ਪਿਛਲੀ ਵਾਰੀ ਕੁਝ ਮੈਂਬਰ 50 ਹਜ਼ਾਰ ਨਹੀਂ ਸਨ ਦੇ ਸਕੇ, ਮੈਂ ਤੁਹਾਨੂੰ ਇਸ ਦਾ ਨੁਕਸਾਨ ਦੱਸਦਾ ਹਾਂ। ਇਸੇ ਤਰ੍ਹਾਂ ਅਸੀਂ ਰਾਜਸਥਾਨ ਗਏ ਸੀ ਅਤੇ ਸਾਡੇ ਨਾਲ ਇੱਕ ਭੈਣ ਜੀ (ਮੈਂਬਰ) ਵੀ

ਨਾਲ ਸੀ। ਉਥੇ ਇੱਕ ਮਿਲਕ ਬੈਂਕ ਹੈ। ਇੱਕ ਮਾਂ ਜਿਸ ਦਾ ਬੱਚਾ ਉਨਾ ਦੁੱਧ ਨਹੀਂ ਚੁੰਘਦਾ, ਉਹ ਮਾਂ ਉਸ ਬੈਂਕ ਜਾਂਦੀ ਹੈ ਅਤੇ ਆਪਣਾ ਮਿਲਕ ਡੋਨੇਟ ਕਰਦੀ ਹੈ ਅਤੇ ਇੱਕ ਮਾਂ ਜਿਸ ਦਾ ਦੁੱਧ ਨਹੀਂ ਨਿਕਲਦਾ, ਉਹ ਉਸ ਬੈਂਕ ਤੋਂ ਦੁੱਧ ਲੈਂਦੀ ਹੈ। ਅਸੀਂ ਜਾਤ-ਪਾਤ ਦੇ ਚੱਕਰਾਂ ਵਿੱਚ ਪਏ ਹਾਂ ਕਿ ਇਹ ਫਲਾਣੀ ਜਾਤ ਦਾ ਹੈ, ਉਚੀ ਜਾਤ ਦਾ ਹੈ ਪਰ ਜਿਹੜੀ ਮਾਂ ਆਪਣੇ ਬੱਚੇ ਲਈ ਦੁੱਧ ਲੈਣ ਲਈ ਖੜ੍ਹੀ ਹੈ, ਉਹ ਨਹੀਂ ਪੁੱਛਦੀ ਕਿ ਕਿਹੜੀ ਜਾਤ ਦੀ ਮਾਂ ਦਾ ਦੁੱਧ ਹੈ। ਜੇਕਰ ਉਦੋਂ ਉਹ ਐਮ.ਐਲ.ਏ. ਜਾਂਦੇ, ਜਿਹੜੇ ਕਿ ਪੈਸੇ ਖੁਣੋਂ ਰਹਿ ਗਏ, ਮੈਂ ਸਮਝਦਾ ਹਾਂ ਕਿ ਉਹ ਵੀ ਪੰਜਾਬ ਆ ਕੇ ਗੱਲ ਰੱਖਦੇ ਕਿ ਪੰਜਾਬ ਜਿਹੜੀ ਗੁਰੂਆਂ ਪੀਰਾਂ ਦੀ ਧਰਤੀ ਹੈ, ਇੱਥੇ ਵੀ ਮਿਲਕ ਬੈਂਕ ਹੋਣੀ ਚਾਹੀਦੀ ਹੈ। ਅਸੀਂ ਤਾਂ ਇੰਨੇ ਐਡਵਾਂਸ ਹਾਂ ਅਤੇ ਰਾਜਸਥਾਨ ਸਾਡੇ ਤੋਂ ਬਹੁਤ ਪਿੱਛੇ ਹੈ। ਉਥੇ ਮਿਲਕ ਬੈਂਕ ਹੈ ਪਰ ਸਾਡੇ ਜਿੱਥੇ ਗੁਰੂਆਂ ਪੀਰਾਂ ਦੀ ਧਰਤੀ ਹੈ, ਅੱਜ ਤੱਕ ਇੱਥੇ ਆਪਾਂ ਮਿਲਕ ਬੈਂਕ ਨਹੀਂ ਬਣਾ ਸਕੇ। ਇਹ ਨੁਕਸਾਨ ਕਿਉਂ ਹੋਇਆ? ਇਹ ਇਸ ਕਰਕੇ ਹੋਇਆ ਮੁੱਖ ਮੰਤਰੀ ਸਾਹਿਬ, ਕਿਉਂਕਿ ਉਥੇ ਸਿਰਫ ਤਿੰਨ ਕੁ ਐਮ.ਐਲ.ਏ. ਹੀ ਜਾ ਸਕੇ। ਬਾਕੀ ਵਿਚਾਰੇ ਇੱਥੇ ਹੀ ਰਹਿ ਗਏ ਕਿਉਂਕਿ ਉਨ੍ਹਾਂ ਕੋਲ ਉਥੇ ਜਾਣ ਲਈ ਪੈਸੇ ਹੀ ਨਹੀਂ ਸੀ। ਸੋ, ਮੇਰੀ ਬੇਨਤੀ ਹੈ ਕਿ ਕਿਸੇ ਕੋਲ ਸਾਧਨ ਹੈ ਕਿਸੇ ਕੋਲ ਨਹੀਂ ਹੈ। ਮੈਨੂੰ ਪਤਾ ਹੈ ਕਿਨ੍ਹਾਂ ਕੋਲ ਸਾਧਨ ਨਹੀਂ ਹਨ। ਮੇਰੇ ਕੋਲ ਸਾਧਨ ਹੈ, ਮੇਰੀ ਵਾਈਫ ਕਮਾਉਂਦੀ ਹੈ, ਮੈਂ ਉਸ ਤੋਂ ਲੈ ਲੈਂਦਾ ਹਾਂ। ਮੈਂ ਆਪ ਕਹਿੰਦਾ ਹਾਂ ਕਿ ਮੈਂ ਹਰ ਰੋਜ਼ 5-7 ਹਜ਼ਾਰ ਕਮਾਉਂਦਾ ਹਾਂ ਅਤੇ ਖਰਚਦਾ ਹਾਂ ਪਰ ਜਿਹੜਾ ਐਮ.ਐਲ.ਏ.

ਮ/ ਸ਼.ਜ./5.25/ 30.06.2022

ਸਿਰਫ ਐਮ.ਐਲ.ਏ. ਹੀ ਹੈ, ਤੁਸੀਂ ਦੱਸੋ ਕਿ ਕੀ ਤੁਸੀਂ 84 ਹਜ਼ਾਰ ਰੁਪਏ ਵਿੱਚ ਗੁਜ਼ਾਰਾ ਕਰ ਸਕਦੇ ਹੋ? ਮੈਨੂੰ ਤਾਂ ਨਹੀਂ ਲਗਦਾ ਹੈ। ਸੋ, ਬੇਨਤੀ ਹੈ ਕਿ ਬਦਨਾਮ ਭਾਵੇਂ ਜਿੰਨਾ ਮਰਜ਼ੀ ਕਰੀ ਜਾਓ ਪਰ ਸਾਰਿਆਂ ਦੀ ਰਾਏ ਲੈ ਲਓ, ਇੱਕ-ਇੱਕ, ਦੋ-ਦੋ ਮਿੰਟ ਦੇ ਦਿਓ ਤਾਂ ਕਿ ਕੋਈ ਗੱਲ ਬਣ ਸਕੇ। ਇਹ ਚੋਰ ਉਚੱਕੇ ਤਾਂ ਸਾਨੂੰ ਕਹੀ ਜਾਣਾ ਹੈ, ਜਿਸ ਨੇ ਕਹਿਣਾ ਹੈ ਕਹੀ ਜਾਵੇ ਬਾਕੀ ਅਸੀਂ ਤਾਂ ਫਿਰ ਇੱਕ ਵਾਰੀ ਬੇਨਤੀ ਕਰਦੇ ਹਾਂ ਕਿ ਇਸ ਤੇ ਵਿਚਾਰ ਜ਼ਰੂਰ ਕਰੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ)**: ਸਰ, ਮੈਂ ਇਸ ਗੱਲ ਤੇ ਵਿਸ਼ੇਸ਼ ਤੌਰ ਤੇ ਨਹੀਂ ਉਠਣਾ ਸੀ ਪਰ ਸਰਦਾਰ ਪਰਗਟ ਸਿੰਘ ਜੀ ਤੇ ਡਾਕਟਰ ਸੁੱਖੀ ਜੀ ਨੇ ਜੋ ਗੱਲ ਕਹੀ ਹੈ, ਇਹ ਬਹੁਤ ਜ਼ਰੂਰੀ ਹੈ। ਇਹ ਰੂਲਿੰਗ ਕਲਾਸ ਹੀ ਇੱਕ ਦੂਜੇ ਦੀਆਂ ਪੱਗਾਂ ਲਾਹੁਣ ਤੇ ਦਸਤਾਰਾਂ ਲਾਹੁਣ ਤੇ ਲੱਗੀ ਹੋਈ ਹੈ। ਕਿਰਪਾ ਕਰਕੇ ਜਿਹੜਾ ਕੋਈ ਬੇਈਮਾਨ ਠੱਗ ਹੈ, ਉਸ ਨੂੰ ਜ਼ਰੂਰ ਫੜੋ, ਅਸੀਂ ਵੀ ਤੁਹਾਡੇ ਨਾਲ ਹਾਂ। ਪਰ ਸਾਰਿਆਂ ਨੂੰ ਆਪਾਂ

ਵਾਰੀ-ਵਾਰੀ ਇਸ ਕੰਮ ਵਿੱਚ ਨਾ ਉਲਝਾਈਏ। ਇਹ ਜਿਹੜੀ ਗੱਲ ਕਹੀ ਹੈ, ਇਹ ਬਹੁਤ ਜੈਨੁਇਨ ਹੈ। ਦਿੱਲੀ ਵਿੱਚ ਵੀ ਅਜੇ ਕੱਲ੍ਹ ਹੀ ਤੁਹਾਡੀ ਸਰਕਾਰ ਨੇ ਹੀ ਤਨਖਾਹਾਂ ਵਧਾਈਆਂ ਹਨ। ਤੁਸੀਂ ਇੱਥੇ ਜੋ ਵੀ ਜੈਨੁਇਨ ਬਣਦਾ ਹੈ, ਪੈਨਸ਼ਨਜ਼ ਜੈਨੁਅਨ ਬਣਦੀਆਂ ਹਨ, we should pay them well ਤਾਂ ਜੋ ਇਸ ਕੰਮ ਵੱਲ ਕਿਸੇ ਦਾ ਧਿਆਨ ਹੀ ਨਾ ਹੋ ਸਕੇ। ਜੇ ਭਗਵੰਤ ਮਾਨ ਜੀ ਆਪਾਂ ਅੰਡਰ ਪੇਅ ਕਰਾਂਗੇ ਤਾਂ ਫਿਰ ਜਿੰਨੀ ਮਰਜ਼ੀ ਕੋਸ਼ਿਸ਼ ਕਰ ਲੈਣਾ, ਫਿਰ ਇਹ ਹੱਥ ਕਿਸੇ ਨਾ ਕਿਸੇ ਦੀ ਜੇਬ ਵੱਲ ਤੁਰ ਹੀ ਪੈਣਾ ਹੈ। ਸੋ, ਕਿਰਪਾ ਕਰਕੇ ਮੇਰੀ ਬੇਨਤੀ ਹੈ ਕਿ ਇਹ ਸਰਦਾਰ ਪਰਗਟ ਸਿੰਘ ਲੈ ਕੇ ਆਏ ਹਨ, ਬਹੁਤ ਚੰਗਾ ਕੀਤਾ ਹੈ। ਡਾਕਟਰ ਸੁੱਖੀ ਜੀ ਨੇ ਜਿਹੜੀ ਗੱਲ ਕਹੀ ਹੈ, ਸਾਨੂੰ ਤਸਲੀਮ ਕਰਨੀ ਚਾਹੀਦੀ ਹੈ। Let us not force our colleagues into something else. ਬਹੁਤ ਸਾਰੇ ਮੈਂਬਰ ਨੇਕ ਨੀਤੀ ਨਾਲ ਕੰਮ ਕਰਨਾ ਚਾਹੁੰਦੇ ਹਨ। ਤੁਸੀਂ ਵੀ ਚੰਗੇ ਹੋ, ਤੁਸੀਂ ਚੰਗੀ ਪਾਲਿਸੀ ਅਡਾਪਟ ਕਰਨੀ ਚਾਹੁੰਦੇ ਹੋ। ਸੋ, ਜਿਹੜਾ ਇਨ੍ਹਾਂ ਦਾ ਬਣਦਾ ਹੱਕ ਹੈ, ਉਹ ਜ਼ਰੂਰ ਮਿਲੇ। ਚੀਫ ਸੈਕਟਰੀ ਸਾਹਿਬ ਬੈਠੇ ਹਨ, ਜੇ ਸਾਡਾ ਪ੍ਰੋਟੋਕਾਲ ਇਨ੍ਹਾਂ ਤੋਂ ਉਤੇ ਹੈ then obviously our pensions should at least, ਜੇ ਇਨ੍ਹਾਂ ਤੋਂ ਉਤੇ ਨਹੀਂ ਤਾਂ at par ਤਾਂ ਹੋਣੀਆਂ ਚਾਹੀਦੀਆਂ ਹਨ। ਜੇ ਅਸੀਂ ਐਮ.ਐਲ.ਏ. ਬਣ ਗਏ ਤਾਂ ਇਹ ਕੋਈ ਗੁਨਾਹ ਤਾਂ ਨਹੀਂ ਹੈ। ਮੈਂ ਬੇਨਤੀ ਕਰਾਂਗਾ ਕਿ ਇਸ ਵੱਲ ਪਲੀਜ਼ ਥੋੜ੍ਹਾ ਧਿਆਨ ਦਿਓ ਜੀ।

**ਮੁੱਖ ਮੰਤਰੀ (ਸ਼੍ਰੀ ਭਗਵੰਤ ਮਾਨ)**: ਬਾਜਵਾ ਸਾਹਿਬ, ਡਾਕਟਰ ਸਾਹਿਬ ਤੇ ਪਰਗਟ ਜੀ, ਤੁਸੀਂ ਪੈਨਸ਼ਨਾਂ ਦਾ ਮਾਮਲਾ ਉਠਾਇਆ ਹੈ। ਅਸੀਂ ਤਨਖਾਹਾਂ ਘਟਾ ਨਹੀਂ ਰਹੇ ਹਾਂ ਤੇ ਨਾ ਹੀ ਬੰਦ ਕਰ ਰਹੇ ਹਾਂ। ਜਦੋਂ ਤੱਕ ਲੋਕ ਤੁਹਾਨੂੰ ਚੁਣਨਗੇ ਤਨਖਾਹਾਂ ਮਿਲਣਗੀਆਂ, ਭੱਤੇ ਮਿਲਣਗੇ, ਹਲਕੇ ਦੇ ਭੱਤੇ ਮਿਲਦੇ ਹਨ। ਮੈਂ ਐਮ.ਪੀ ਰਿਹਾ ਹਾਂ। ਮੇਰੀ ਬੇਸਿਕ ਪੇਅ ਪੰਜਾਹ ਹਜ਼ਾਰ ਸੀ ਤੇ ਬਾਕੀ ਭੱਤੇ ਮਿਲਦੇ ਸੀ ਪਰ ਜੇ ਤੁਸੀਂ ਕੰਪੇਅਰ ਕਰੋਗੇ ਕਿ ਸਾਡਾ ਚੀਫ ਸੈਕਟਰੀ ਲੈਵਲ ਹੈ ਜਾਂ ਮੁਲਾਜ਼ਮਾਂ ਨਾਲ ਕੰਪੇਅਰ ਕਰੋਗੇ ਤਾਂ ਕੀ ਤੁਹਾਨੂੰ ਪਤਾ ਹੈ ਕਿ ਇੱਕ ਮੁਲਾਜ਼ਮ ਜੇ ਵੀਹ ਸਾਲ ਨੌਕਰੀ ਕਰੇਗਾ ਤਾਂ ਉਸ ਨੂੰ ਪੈਨਸ਼ਨ ਮਿਲਦੀ ਹੈ। ਜੇ ਵੀਹ ਸਾਲ ਤੋਂ ਘੱਟ ਨੌਕਰੀ ਕਰੇਗਾ ਤਾਂ ਉਸ ਨੂੰ ਪੈਨਸ਼ਨ ਨਹੀਂ ਮਿਲਦੀ ਹੈ। ਫਿਰ ਐਮ.ਐਲ.ਏ. ਤਾਂ ਪੰਜ ਸਾਲ ਵਾਸਤੇ ਬਣ ਗਏ ਤੇ ਸਾਰੀ ਉਮਰ ਵਾਸਤੇ ਚੀਫ ਸੈਕਟਰੀ ਦਾ ਲੈਵਲ ਲੈ ਲਿਆ। ਕੋਈ ਬੰਦਾ 27 ਸਾਲ ਦੀ ਉਮਰ ਵਿੱਚ ਹੀ ਐਮ.ਐਲ.ਏ. ਬਣ ਜਾਂਦਾ ਹੈ, ਪੰਜ ਸਾਲ ਬਾਅਦ ਉਹ 32 ਸਾਲ ਦਾ ਹੋ ਗਿਆ ਤੇ ਫਿਰ ਉਸ ਨੂੰ ਦੁਬਾਰਾ ਐਮ.ਐਲ.ਏ. ਦੀ ਟਿਕਟ ਨਹੀਂ ਮਿਲਦੀ ਤਾਂ ਫਿਰ ਪੰਜ ਸਾਲ ਬਾਅਦ ਉਹ ਸਾਰੀ ਉਮਰ ਲਈ ਮੁਲਾਜ਼ਮਾਂ ਦੇ ਬਰਾਬਰ ਦਾ ਕਿਵੇਂ ਲੈ ਸਕਦਾ ਹੈ, ਬਾਜਵਾ ਸਾਹਿਬ?

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਤੁਸੀਂ ਸਾਨੂੰ ਅਗਨੀਵੀਰ ਹੀ ਬਣਾ ਦਿਓ।

**ਮੁੱਖ ਮੰਤਰੀ:** ਫਿਰ ਅਗਨੀਵੀਰ ਵਾਲਿਆਂ ਨੂੰ ਪੁੱਛ ਲਓ, ਅਗਨੀਵੀਰ ਵਾਲੇ ਬੈਠੇ ਹਨ। (ਵਿਘਨ) ਇੱਕ ਮਿੰਟ, ਬਾਜਵਾ ਸਾਹਿਬ।

**ਮਾਨਯੋਗ ਸਪੀਕਰ:** ਬੈਠੋ, ਬਾਜਵਾ ਸਾਹਿਬ, ਪਹਿਲਾਂ ਸੀ.ਐਮ. ਸਾਹਿਬ ਨੂੰ ਗੱਲ ਕਰਨ ਦਿਓ, ਤੁਸੀਂ ਬਾਅਦ ਵਿੱਚ ਗੱਲ ਕਰ ਲੈਣਾ।

**ਮੁੱਖ ਮੰਤਰੀ:** ਬਾਜਵਾ ਸਾਹਿਬ, ਮੈਨੂੰ ਹੁਣ ਬੋਲ ਹੀ ਲੈਣ ਦਿਓ। ਜਦੋਂ ਐਮ.ਐਲ.ਏ. ਦੀ ਟਿਕਟ ਮੰਗਦੇ ਹੁੰਦੇ ਹੋ ਤਾਂ ਕੀ ਉਦੋਂ ਨਹੀਂ ਪਤਾ ਹੁੰਦਾ ਹੈ ਕਿ ਐਮ.ਐਲ.ਏ. ਦੀ ਕਿੰਨੀ ਤਨਖਾਹ ਹੈ? ਫਿਰ ਤੁਸੀਂ ਉਸ ਨੌਕਰੀ ਵਾਸਤੇ ਅਪਲਾਈ ਹੀ ਕਿਉਂ ਕਰਦੇ ਹੋ ਜਿਸ ਦੀ ਤਨਖਾਹ ਇੰਨੀ ਹੈ। (ਵਿਘਨ) ਇੱਕ ਮਿੰਟ, let me speak. ਜਦੋਂ ਟਿਕਟ ਮੰਗਦੇ ਹੋ ਤਾਂ ਟਿਕਟ ਲੈਣ ਵੇਲੇ ਤਾਂ ਪਤਾ ਨਹੀਂ ਕੀ-ਕੀ ਕਹਿ ਕੇ ਮੰਗਦੇ ਹੋ ਕਿ ਇੱਕ ਵਾਰੀ ਐਮ.ਐਲ.ਏ. ਬਣਾ ਦਿਓ, ਬਾਕੀ ਸਾਡਾ ਕੰਮ ਹੈ। (ਵਿਘਨ) ਸੁਣੋ ਤਾਂ ਸਹੀ, ਸਰ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਅਸੀਂ ਕੱਲ੍ਹ ਵੀ ਬਹੁਤ ਸੁਣੀ ਹੈ, let us not play to the Gallery. ਹਰ ਰੋਜ਼ ਨਾ ਸੁਣਾਇਆ ਕਰੋ।

**ਮੁੱਖ ਮੰਤਰੀ:** ਮੈਂ ਰੋਜ਼ ਸੁਣਾਵਾਂਗਾ, ਮੈਂ ਚੁਣਿਆ ਹੋਇਆ ਹਾਂ, ਮੈਂ ਸੁਣਾਵਾਂਗਾ, ਤੁਸੀਂ ਹੁਣ ਪੰਜ ਸਾਲ ਸੁਣਨ ਦੀ ਆਦਤ ਪਾ ਲਓ।

**ਮਾਨਯੋਗ ਸਪੀਕਰ:** ਚੇਅਰ ਨੂੰ ਐਡਰੈੱਸ ਕੀਤਾ ਜਾਵੇ। ਬਾਜਵਾ ਜੀ, ਤੁਸੀਂ ਬੈਠੋ। (ਵਿਘਨ)

**(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)**

**ਮੁੱਖ ਮੰਤਰੀ:** ਸਰ, ਜਾਂ ਤਾਂ ਇਹ ਹੋਵੇ ਕਿ ਐਮ.ਐਲ.ਏ. ਚੁਣਨ ਤੋਂ ਬਾਅਦ ਉਨ੍ਹਾਂ ਦੀ ਤਨਖਾਹ ਜਾਂ ਪੈਨਸ਼ਨ ਨਿਸ਼ਚਿਤ ਕੀਤੀ ਜਾਂਦੀ ਹੈ ਕਿ ਇੰਨੀ ਮਿਲੇਗੀ। ਜਦੋਂ ਪਤਾ ਹੀ ਹੈ ਕਿ ਐਮ.ਐਲ.ਏ. ਬਣਨਾ ਹੈ ਤਾਂ ਇੰਨੀ ਤਨਖਾਹ ਹੈ ਤਾਂ ਫਿਰ ਆਪਣੇ ਪ੍ਰਧਾਨਾਂ ਦੇ ਘਰ ਮਰ-ਮਰ ਕੇ ਟਿਕਟਾਂ ਲੈਣ ਵਾਸਤੇ ਕਿਉਂ ਭੱਜਦੇ ਫਿਰਦੇ ਹੋ? ਜੇ ਤਨਖਾਹ ਹੀ ਇੰਨੀ ਲੈਣੀ ਹੈ, ਫਿਰ ਕੋਈ ਹੋਰ ਕੰਮ ਕਰ ਲਓ। ਜਿਸ ਪੋਸਟ ਵਾਸਤੇ ਤੁਸੀਂ ਅਪਲਾਈ ਕੀਤਾ ਹੈ ਉੱਨੀ ਹੀ ਤਨਖਾਹ ਮਿਲੇਗੀ ਤੇ ਉੱਨੀ ਹੀ ਪੈਨਸ਼ਨ ਮਿਲੇਗੀ। That's it. (ਥੰਪਿੰਗ)

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਮੇਰੀ ਗੱਲ ਸੁਣੋ, ਫਿਰ ਦਿੱਲੀ ਵਿੱਚ ਕਿਉਂ ਵਧਾਈ ਹੈ? ਫਿਰ ਤਾਂ ਦਿੱਲੀ ਵਿੱਚ ਵੀ ਨਹੀਂ ਵਧਾਉਣੀ ਚਾਹੀਦੀ ਸੀ। Why do you make everything dramatic? Why are you always playing to the Gallery? 24 ਘੰਟੇ ਤੁਹਾਡਾ ਧਿਆਨ ਲਾਈਵ ਪ੍ਰੋਗਰਾਮ ਵੱਲ ਹੀ ਹੁੰਦਾ ਹੈ। ਅਸੀਂ ਤੁਹਾਡੇ ਸਾਹਮਣੇ ਜੈਨੁਇਨ ਗੱਲ ਕਰ ਰਹੇ ਹਾਂ, ਅਸੀਂ ਕਹਿੰਦੇ ਹਾਂ ਕਿ ਬੰਦ ਕਰ ਦਿਓ। ਜੇ ਹੋਰ ਚੰਗਾ ਕਰਨਾ ਹੈ ਤਾਂ ਤਨਖਾਹਾਂ ਹੀ ਬੰਦ ਕਰ ਦਿਓ।

ਸ.ਸ.-ਹ.ਸ.ਟ./5:30/30.06.2022

**ਮਾਨਯੋਗ ਸਪੀਕਰ:** ਬਾਜਵਾ ਜੀ, ਬੈਠੋ। ਬਾਜਵਾ ਜੀ, ਬੈਠੋ। ਹਾਂ ਜੀ, ਮੁੱਖ ਮੰਤਰੀ ਸਾਹਿਬ।

**ਮੁੱਖ ਮੰਤਰੀ:** ਸਰ, ਤਨਖਾਹਾਂ ਵਾਸਤੇ ਆਲਰੇਡੀ ਕਮੇਟੀ ਬਣੀ ਹੋਈ, ਰੀਵਿਊ ਕਰਾਂਗੇ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਤੁਹਾਡੇ ਤੋਂ ਕੋਈ ਆਸ ਤੇ ਉਮੀਦ ਹੀ ਨਹੀਂ ਹੈ।

**ਮੁੱਖ ਮੰਤਰੀ:** ਹਾਂ, ਕਾਂਗਰਸ ਨੂੰ ਸਾਡੇ ਤੋਂ ਕੋਈ ਉਮੀਦ ਨਹੀਂ ਰੱਖਣੀ ਚਾਹੀਦੀ। ਪੰਜਾਬ ਦੇ ਤਿੰਨ ਕਰੋੜ ਲੋਕਾਂ ਨੂੰ ਉਮੀਦ ਹੈ। ਜੇ ਤੁਹਾਨੂੰ ਪਤਾ ਹੈ। (ਵਿਘਨ, ਸ਼ੋਰ)

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ ਅਤੇ ਉਨ੍ਹਾਂ ਦਾ ਮਾਈਕ ਬੰਦ ਹੋਣ ਕਰਕੇ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

ਬਾਜਵਾ ਸਾਹਿਬ, ਤੁਸੀਂ ਜਦੋਂ ਰਾਜ ਸਭਾ ਦੇ ਮੈਂਬਰ ਸੀ ਤਾਂ ਤੁਹਾਨੂੰ ਵੱਧ ਤਨਖਾਹ ਮਿਲਦੀ ਸੀ। ਤੁਸੀਂ ਕਿਹਾ ਕਿ ਮੈਂ ਐੱਮ.ਐੱਲ.ਏ. ਬਣ ਕੇ ਸੇਵਾ ਕਰਨੀ ਹੈ। ਫਿਰ ਕੀ ਤੁਹਾਨੂੰ ਪਤਾ ਨਹੀਂ ਹੈ ਕਿ ਕਿੰਨੀ ਤਨਖਾਹ ਹੈ। ਤੁਸੀਂ ਘੱਟ ਤਨਖਾਹ ਵੱਲ ਟਿਕਟ ਲੈ ਕੇ ਕਿਉਂ ਆਏ?

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਅਸੀਂ ਆਪਣੀ ਤਨਖਾਹ ਦੀ ਗੱਲ ਨਹੀਂ ਕੀਤੀ। ਜਿਹੜਾ ਪੁਆਇੰਟ ਉੱਠਿਆ ਹੈ, ਉਸ ਦੀ ਗੱਲ ਕੀਤੀ ਹੈ।

**ਮੁੱਖ ਮੰਤਰੀ:** ਸਰ, same ਹੈ।

**Sardar Partap Singh Bajwa:** This is not written.

**Chief Minister:** This is written ਕਿ ਇੰਨੀ ਤਨਖਾਹ ਹੈ, ਇੰਨੀ ਪੈਨਸ਼ਨ ਹੈ। ਅਪਲਾਈ ਕਰਨਾ ਹੈ, ਆਪਣੀ ਪਾਰਟੀ ਦੇ ਪ੍ਰਧਾਨ ਨੂੰ ਕਹੋ ਕਿ ਮੇਰੀ ਪਹਿਲਾਂ ਤਨਖਾਹ ਵਧਾਓ ਜਾਂ ਮੈਨੂੰ ਕੋਈ ਭੱਤਾ ਦਿਉ, ਮੈਂ ਤਾਂ ਕਰਾਂਗਾ ਨਹੀਂ ਤਾਂ ਨਹੀਂ ਕਰਾਂਗਾ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਅਸੀਂ ਇੱਕ ਜੈਨੁਅਨ ਗੱਲ ਕੀਤੀ ਹੈ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ:** ਚੀਮਾ ਜੀ ਕੁਝ ਕਹਿਣਾ ਚਾਹੁੰਦੇ ਹਨ। (ਵਿਘਣ) ਬੈਠੋ, ਬੈਠੋ, ਬੈਠੋ, ਸਰਦਾਰ ਪਰਗਟ ਸਿੰਘ ਜੀ ਬੈਠੋ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ):** ਮੈਂ ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਜ਼ਿਲ੍ਹਾ ਨੇ ਆਪਣੀ ਤਨਖਾਹ ਸਬੰਧੀ ਗੱਲ ਕਰਨੀ ਹੈ, ਆਲਰੇਡੀ ਕਮੇਟੀ ਹੈ। (ਵਿਘਨ..ਸ਼ੋਰ) ਪਲੀਜ਼, ਇੱਕ ਮਿੰਟ ਸੁਣ ਲਵੋ, ਆਲਰੇਡੀ ਕਮੇਟੀ ਬਣੀ ਹੋਈ ਹੈ, ਤੁਸੀਂ ਉਸ ਕਮੇਟੀ ਵਿੱਚ ਆਪਣਾ ਮੁੱਦਾ ਰੱਖ ਸਕਦੇ ਹੋ। ਮਾਨਯੋਗ ਸਪੀਕਰ ਸਾਹਿਬ, ਉਸ ਦੇ ਚੇਅਰਮੈਨ ਹਨ ਅਤੇ ਤੁਹਾਡੇ ਮੈਂਬਰ ਵੀ ਉਸ ਕਮੇਟੀ ਦੇ ਮੈਂਬਰ ਹਨ ਅਤੇ ਸਾਡੀ ਸਰਕਾਰ ਦੇ ਮੈਂਬਰ ਵੀ ਹੁੰਦੇ ਹਨ। ਸੋ, ਤੁਸੀਂ ਉੱਥੇ ਆਪਣੀ ਗੱਲ ਰੱਖ ਸਕਦੇ ਹੋ। ਇਹ ਸਿਰਫ ਪੈਨਸ਼ਨ ਦਾ ਹੈ, ਤਨਖਾਹ ਵਧਾਉਣ ਵਾਲੇ ਮੁੱਦੇ ਤੇ ਆਲਰੇਡੀ ਮਾਨਯੋਗ ਸਪੀਕਰ ਸਾਹਿਬ ਦੀ ਅਗਵਾਈ ਵਿੱਚ ਪਹਿਲਾਂ ਹੀ ਕਮੇਟੀ ਚਲ ਰਹੀ ਹੈ। ਉਸ ਨੇ ਕੁਝ ਅਜੇ ਫਾਈਨਲ ਨਹੀਂ ਕੀਤਾ, ਜੇ ਤੁਹਾਨੂੰ ਲੱਗਦਾ ਹੈ ਤਾਂ ਤੁਸੀਂ ਆਪਣੀ-ਆਪਣੀ ਗੱਲ ਲਿਖਤੀ ਤੌਰ ਤੇ ਦੇ ਦੇਵੋ, ਜਿਹੜੇ ਵਧਾਉਣੀ ਚਾਹੁੰਦੇ ਹਨ, ਗੱਲ ਖਤਮ ਕਰੋ। (ਵਿਘਨ..ਸ਼ੋਰ)

**ਮਾਨਯੋਗ ਸਪੀਕਰ:** ਹਾਂ ਜੀ, ਮੁੱਖ ਮੰਤਰੀ ਸਾਹਿਬ।

**ਮੁੱਖ ਮੰਤਰੀ:** ਸਰ, ਮੈਂ ਬਾਜਵਾ ਸਾਹਿਬ ਦੀ ਇੱਕ ਇੰਟਰਵਿਊ ਸੁਣੀ ਜਿਸ ਵਿੱਚ ਕਹਿੰਦੇ ਸੀ ਕਿ ਮੇਰੀ 65 ਸਾਲ ਦੀ ਉਮਰ ਹੋ ਗਈ, ਮੈਂ ਬਹੁਤ ਸਰਵ ਕਰ ਲਿਆ, ਮੈਂ ਪੰਜ ਚੀਫ ਮਨਿਸਟਰਾਂ ਦੇ ਅੰਡਰ ਕੰਮ ਕੀਤਾ ਹੈ ਤੇ ਕੈਬਨਿਟ ਮਨਿਸਟਰ ਵੀ ਰਿਹਾ ਹਾਂ। ਹੁਣ ਮੈਂ ਇਸ ਵਾਰ ਪੰਜਾਬ ਦੀ ਸੇਵਾ ਕਰਨੀ ਹੈ। ਮੈਂ ਆਪਣੀ ਕੰਸਟੀਚਿਉਐਂਸੀ ਤੋਂ ਲੜਾਂਗਾ, ਮੈਂ ਸੇਵਾ ਕਰਨੀ ਹੈ। ਹੁਣ ਇੱਥੇ ਆ ਕੇ ਕਹਿੰਦੇ ਸੇਵਾ ਦੀ ਤਨਖਾਹ ਵਧਾਓ। (ਵਿਘਨ..ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਉੱਚੀ-ਉੱਚੀ ਬੋਲਣ ਲੱਗ ਪਏ ਜਿਸ ਕਾਰਨ ਸਦਨ ਵਿੱਚ ਬਹੁਤ ਸ਼ੋਰ ਸੀ।)

ਸਰ, ਇਸ ਤਰ੍ਹਾਂ ਨਾ ਕਰੋ, ਤੁਹਾਨੂੰ ਪਤਾ ਸੀ। ਤੁਸੀਂ ਰਾਜ ਸਭਾ ਛੱਡ ਕੇ ਆਏ ਹੋ, ਤੁਹਾਨੂੰ ਪਤਾ ਸੀ ਕਿ ਐੱਮ.ਐੱਲ.ਏ. ਬਣਨਾ ਹੈ ਅਤੇ ਇੰਨੀ ਤਨਖਾਹ ਹੈ, ਫਿਰ ਤੁਸੀਂ ਕਿਉਂ ਅਪਲਾਈ ਕੀਤਾ?

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਕੀ ਮੈਂ ਕੋਈ ਆਪਣੀ ਗੱਲ ਕਰ ਰਿਹਾ ਹਾਂ?

**ਮੁੱਖ ਮੰਤਰੀ:** ਤੁਸੀਂ ਸਾਰੇ ਇਹੀ ਗੱਲ ਕਰ ਰਹੇ ਹੋ। ਜਿੰਨੀ ਤਨਖਾਹ ਹੈ, ਓਨੀ ਮਿਲੇਗੀ। ਲੋਕ ਪੰਜ-ਪੰਜ ਹਜ਼ਾਰ ਤੇ ਕੰਮ ਕਰ ਰਹੇ ਹਨ, ਪੰਜਾਬ ਦੇ ਬੇਰੁਜ਼ਗਾਰ ਲੋਕ ਪੰਜ-ਪੰਜ ਹਜ਼ਾਰ ਤੇ ਕੰਮ ਕਰ ਰਹੇ ਹਨ। (ਵਿਘਨ..ਸ਼ੋਰ)

**ਮਾਨਯੋਗ ਸਪੀਕਰ:** ਆਪਾਂ ਅੱਗੇ ਚੱਲੀਏ।

**ਮੁੱਖ ਮੰਤਰੀ:** ਫਿਰ ਵੀ ਘਰੇ ਰੋਟੀ ਪੱਕਦੀ ਹੈ। ਸੋ, ਇਹ ਨਾ ਕਰੋ।

**ਮਾਨਯੋਗ ਸਪੀਕਰ:** ਆਪਾਂ ਅੱਗੇ ਚੱਲੀਏ। ਡਾਕਟਰ ਸੁਖਵਿੰਦਰ ਕੁਮਾਰ ਸੁੱਖੀ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਪੰਜਾਬ ਦੀ ਗੱਲ ਕਰੋ। ਇਵੇਂ ਹੀ **

**ਮਾਨਯੋਗ ਸਪੀਕਰ:** ਬੈਠੋ, ਬਾਜਵਾ ਜੀ, ਬੈਠੋ। ਸਰਦਾਰ ਪਰਗਟ ਸਿੰਘ ਜੀ, ਬੈਠੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** **

**ਮਾਨਯੋਗ ਸਪੀਕਰ:** ਜਿਹੜੇ ***ਸ਼ਬਦ ਚੇਅਰ ਦੀ ਇਜਾਜ਼ਤ ਤੋਂ ਬਿਨਾਂ ਕਹੇ ਜਾ ਰਹੇ ਹਨ। ਉਹ ਰਿਕਾਰਡ ਨਾ ਕੀਤੇ ਜਾਣ। ** ਵੀ ਨਾ ਰਿਕਾਰਡ ਕੀਤੇ ਜਾਣ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ :** ਅਸੀਂ ਨਹੀਂ ਕਿਹਾ ਕਿ ਕਿਸੇ ਦੀ ਤਨਖਾਹ ਵਧਾ ਕੇ ਜਾਓ। ਅਸੀਂ ਕਹਿੰਦੇ ਹਾਂ ਕਿ ਜਿਹੜਾ ਤੁਸੀਂ ਪੈਨਸ਼ਨ ਨਾਲ ਡੀ.ਏ. ਲਗਾਇਆ ਹੈ, ਸਾਡੀ ਬਾਅਦ ਦੀ ਗੱਲ ਹੈ ਪਰ ਜਿਹੜਾ ਸਾਡੇ ਨਾਲ ਡਰਾਈਵਰ ਚੱਲਦਾ ਹੈ। ਜੇ ਤੁਸੀਂ ਆਪਣਾ ਪ੍ਰਾਈਵੇਟ ਡਰਾਈਵਰ ਲੈਂਦੇ ਹੋ, ਉਸ ਨੂੰ ਤੁਸੀਂ 10 ਹਜ਼ਾਰ ਰੁਪਏ ਦਿੰਦੇ ਹੋ ਤੇ ਸਰਕਾਰੀ ਚਾਹੇ ਲੱਖ ਰੁਪਿਆ ਲੈਂਦਾ ਹੋਵੇ। ਅਸੀਂ ਕਹਿੰਦੇ ਹਾਂ ਕਿ ਜੇ ਉਸ ਦੀ ਥੋੜ੍ਹੀ ਤਨਖਾਹ ਵੱਧ ਜਾਵੇ ਤਾਂ ਉਸ ਨਾਲ ਸਰਕਾਰ ਦਾ ਵੀ ਫਾਇਦਾ ਹੈ। ਜੇ ਅਸੀਂ ਆਪਣਾ ਪ੍ਰਾਈਵੇਟ ਰੱਖਾਂਗੇ, ਉਸ ਦੀ 10 ਹਜ਼ਾਰ ਰੁਪਏ ਤੋਂ 15 ਹਜ਼ਾਰ ਰੁਪਏ ਜਾਂ 20 ਹਜ਼ਾਰ ਰੁਪਏ ਹੋ ਜਾਵੇਗੀ, ਉਸ ਵਿੱਚ ਕੀ ਨੁਕਸਾਨ ਹੈ?

ਦੂਸਰਾ, ਪੀ.ਏ. ਲਈ 10 ਹਜ਼ਾਰ, ਜੇ ਉਸ ਵਿੱਚ ਡੀ.ਏ. ਹੀ ਕਰ ਦਿਉ, 10 ਹਜ਼ਾਰ ਪਲੱਸ ਡੀ.ਏ. ਤੁਸੀਂ ਘੱਟ ਤੋਂ ਘੱਟ ਇਹੀ ਕਰ ਦਿਉ, ਅਸੀਂ ਇੰਨੀ ਮੰਗ ਹੀ ਕਰਦੇ ਹਾਂ, ਇਸ ਤੋਂ ਵੱਧ ਅਸੀਂ ਕੁਝ ਨਹੀਂ ਮੰਗਦੇ। (ਵਿਘਨ)

**ਮਾਨਯੋਗ ਸਪੀਕਰ:** ਹਾਂ ਜੀ, ਜੰਗੀ ਲਾਲ ਮਹਾਜਨ ਜੀ। ਸਰਦਾਰ ਪਰਗਟ ਸਿੰਘ ਜੀ ਕੁਝ ਕਹਿਣਾ ਚਾਹੁੰਦੇ ਹਨ? ਤੁਸੀਂ ਬੈਠੋ ਜੰਗੀ ਲਾਲ ਜੀ।

**ਸਰਦਾਰ ਪਰਗਟ ਸਿੰਘ ਪੋਆਰ :** ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਤਾਂ ਮੈਂ ਮੁਆਫੀ ਚਾਹੁੰਦਾ ਹਾਂ ਕਿ ਮੈਂ ਇੱਕ ਇਹੋ-ਜਿਹਾ ਇਸ਼ੂ ਲਿਆਂਦਾ ਹੈ ਜਿਹੜਾ ਸ਼ਾਇਦ ਸਾਡੇ ਚੀਫ ਮਨਿਸਟਰ ਸਾਹਿਬ ਨੂੰ ਬਹੁਤਾ ਚੰਗਾ ਨਹੀਂ ਲੱਗਿਆ। ਮੈਂ ਇੱਕ ਹੋਰ ਜ਼ਰੂਰੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜਾ ਐੱਮ.ਐੱਲ.ਏ. ਦਾ ਪ੍ਰੋਟੋਕੋਲ ਹੈ, ਉਹ ਵੀ ਉੱਥੇ ਲਿਆਂਦਾ ਜਾਵੇ ਜਿੱਥੇ ਸਰਕਾਰ ਦਾ ਸਿਸਟਮ ਕੰਮ ਕਰਦਾ ਹੈ ਕਿਉਂਕਿ ਫਿਰ ਅਸੀਂ ਪ੍ਰੋਟੋਕੋਲ ਵੀ ਕਿਸ

ਗ.ਕੌ./ਹ.ਸ/5.35/30.06.2022

ਲਈ ਰੱਖਣਾ ਹੈ। ਉਸ ਨੂੰ ਵੀ ਖਤਮ ਕਰ ਦਿਉ। ਇਸ ਵਿੱਚ ਕੋਈ ਰੌਲਾ ਨਹੀਂ ਹੈ। ਮੈਨੂੰ ਇਹ ਕੋਈ ਪ੍ਰਾਬਲਮ ਨਹੀਂ ਹੈ ਲੇਕਿਨ ਅਲਟੀਮੇਟਲੀ ਜਦੋਂ ਤੁਸੀਂ ਇੱਕ ਡੈਕੋਰਮ ਵਿੱਚ ਕੰਮ ਕਰਦੇ ਹੋ ਫਿਰ ਕਿਤੇ ਨਾ ਕਿਤੇ ਜਾ ਕੇ ਤਾਂ ਖੜ੍ਹੋਗੇ ਹੀ। ਤੁਹਾਨੂੰ ਕਿਸੇ BDO ਨੇ ਨਹੀਂ ਖੜ੍ਹਨ ਦੇਣਾ। ਤੁਹਾਨੂੰ ਕਿਤੇ JE ਜਾਂ ਪੰਚਾਇਤ ਸੈਕਟਰੀ ਨੇ ਨਹੀਂ ਖੜ੍ਹਨ ਦੇਣਾ। ਮਾਨ ਸਾਹਿਬ ਇਸ ਗੱਲ ਵੱਲ ਥੋੜ੍ਹਾ ਧਿਆਨ ਦਿਉ।

**ਮੁੱਖ ਮੰਤਰੀ :(ਬੈਠੇ, ਬੈਠੇ)** ਤੁਹਾਡੀ ਇੱਜ਼ਤ ਮਾਣ ਵਿੱਚ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।ਪਰ ਇਹ ਨਹੀਂ।

**ਮਾਨਯੋਗ ਸਪੀਕਰ:** ਸਰਦਾਰ ਪਰਗਟ ਸਿੰਘ ਜੀ, ਪਲੀਜ਼ ਚੇਅਰ ਨੂੰ ਐਡਰੈਸ ਕਰੋ।

**ਸਰਦਾਰ ਪਰਗਟ ਸਿੰਘ ਪੋਆਰ:** ਮੈਨੂੰ ਕੋਈ ਪ੍ਰਾਬਲਮ ਨਹੀਂ ਹੈ। ਪਰ ਉਸਨੂੰ ਵੀ ਆਪਾਂ ਲੋਅਰ ਕਰ ਲਈਏ। ਜੇਕਰ ਹਰ ਚੀਜ਼ ਹੀ ਗੈਲਰੀ ਨਾਲ ਖੇਡਣੀ ਹੈ ਤਾਂ ਖੇਡੀ ਜਾਉ।

**ਸ਼੍ਰੀ ਜੰਗੀ ਲਾਲ ਮਹਾਜਨ (ਮੁਕੇਰੀਆਂ):** ਸਪੀਕਰ ਸਾਹਿਬ, ਅਸੀਂ ਇੱਥੇ ਆਉਣ ਤੋਂ ਪਹਿਲਾਂ ਜਿਸ ਵੇਲੇ ਇਲੈਕਸ਼ਨਾਂ ਵਿੱਚ ਗਏ ਸਨ ਤਾਂ ਅਸੀਂ ਲੋਕਾਂ ਦੀਆਂ ਮਿੰਨਤਾਂ ਕੀਤੀਆਂ, ਤਰਲੇ ਪਾਏ ਅਤੇ ਪੈਰੀ ਹੱਥ ਵੀ ਲਾਏ ਕਿ ਸਾਨੂੰ ਸੇਵਾ ਦਾ ਮੌਕਾ ਜ਼ਰੂਰ ਦਿਉ। ਅਸੀਂ ਇਸ ਪਵਿੱਤਰ ਸਦਨ ਵਿੱਚ ਸੇਵਾ ਲਈ ਆਏ ਹਾਂ ਮੇਵੇ ਲਈ

ਨਹੀਂ ਆਏ। ਬੇਸ਼ੱਕ ਤਨਖਾਹ ਪੂਰੀ ਬੰਦ ਕਰ ਦਿਉ। ਜਿਸ ਨੇ ਸੇਵਾ ਕਰਨੀ ਹੈ ਉਹ ਸੇਵਾ ਕਰਨ ਲਈ ਆਵੇ। ਮੈਂ ਸਾਲ 2017 ਵਿੱਚ ਜਦੋਂ ਆਜ਼ਾਦ ਉਮੀਦਵਾਰ ਵਜੋਂ ਚੁਣਾਵ ਲੜਿਆ ਸੀ ਮੈਂ ਉਦੋਂ ਵੀ ਅਨਾਊਂਸ ਕੀਤਾ ਸੀ ਕਿ ਜਿਹੜੀ ਮੈਨੂੰ ਤਨਖਾਹ ਮਿਲੇਗੀ, ਉਸ ਵਿੱਚੋਂ ਇੱਕ ਨਵਾਂ ਪੈਸਾ ਖਾਣਾ ਮੇਰੇ ਲਈ ਹਰਾਮ ਹੋਵੇਗਾ। ਮੈਂ ਪੈਸਾ ਜ਼ਰੂਰਤਮੰਦ ਲੋਕਾਂ ਨੂੰ ਦੇਵਾਂਗਾ। ਹੁਣ ਵੀ ਮੈਂ ਇਹੀ ਵਾਅਦਾ ਕਰਕੇ ਆਇਆ ਹਾਂ। ਮੇਰੇ ਮਨ ਨੂੰ ਤਸੱਲੀ ਵੀ ਹੈ। ਪੈਨਸ਼ਨ ਵੀ ਨਾ ਮਿਲੇ ਤਾਂ ਵੀ ਤਸੱਲੀ ਹੈ। ਮਨ ਵਿੱਚ ਲੋਕਾਂ ਦੀ ਸੇਵਾ ਕਰਨ ਦੀ ਭਾਵਨਾ ਹੋਣੀ ਚਾਹੀਦੀ ਹੈ। ਸੇਵਾ ਕਰਕੇ ਮੇਵਾ ਨਹੀਂ ਚਾਹੀਦਾ। ਅਸੀਂ ਤਾਂ ਉਸ ਗੱਲ ਤੇ ਖੜ੍ਹੇ ਹਾਂ। (Thumping from Treasury Benches)

**ਮਾਨਯੋਗ ਸਪੀਕਰ:** ਪ੍ਰਸ਼ਨ ਹੈ–

ਕਿ ਦਿ ਪੰਜਾਬ ਸਟੇਟ ਲੈਜਿਸਲੇਚਰ ਮੈਂਬਰਜ਼ (ਪੈਨਸ਼ਨ ਅਤੇ ਮੈਡੀਕਲ ਫੈਸਿਲੀਟੀਜ਼ ਰੈਗੂਲੇਸ਼ਨ) ਸੋਧ ਬਿਲ, 2022 ਤੇ ਤੁਰੰਤ ਵਿਚਾਰ ਕੀਤਾ ਜਾਵੇ।

*ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*

**ਮਾਨਯੋਗ ਸਪੀਕਰ:** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ–

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਪ੍ਰਵਾਨ ਹੋਇਆ।*

**ਕਲਾਜ਼ 2**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ–

ਕਿ ਕਲਾਜ਼ 2 ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਪ੍ਰਵਾਨ ਹੋਇਆ।*

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ–

ਕੀ ਕਲਾਜ਼ 1 ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਪ੍ਰਵਾਨ ਹੋਇਆ।*

**ਸਿਰਲੇਖ**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

*ਪ੍ਰਸਤਾਵ ਪ੍ਰਵਾਨ ਹੋਇਆ।*

**ਮਾਨਯੋਗ ਸਪੀਕਰ:** ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿੱਲ ਪਾਸ ਕੀਤਾ ਜਾਵੇ।

**ਸਿੱਖਿਆ ਮੰਤਰੀ (ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ)** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਦਿ ਪੰਜਾਬ ਸਟੇਟ ਲੈਜਿਸਲੇਚਰ ਮੈਂਬਰਜ਼ (ਪੈਨਸ਼ਨ ਅਤੇ ਮੈਡੀਕਲ ਫੈਸਿਲੀਟੀਜ਼ ਰੈਗੂਲੇਸ਼ਨ) ਸੋਧ ਬਿਲ, 2022 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਦਿ ਪੰਜਾਬ ਸਟੇਟ ਲੈਜਿਸਲੇਚਰ ਮੈਂਬਰਜ਼ (ਪੈਨਸ਼ਨ ਅਤੇ ਮੈਡੀਕਲ ਫੈਸਿਲੀਟੀਜ਼ ਰੈਗੂਲੇਸ਼ਨ) ਸੋਧ ਬਿਲ ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਦਿ ਪੰਜਾਬ ਸਟੇਟ ਲੈਜਿਸਲੇਚਰ ਮੈਂਬਰਜ਼ (ਪੈਨਸ਼ਨ ਅਤੇ ਮੈਡੀਕਲ ਫੈਸਿਲੀਟੀਜ਼ ਰੈਗੂਲੇਸ਼ਨ) ਸੋਧ ਬਿਲ, 2022 ਪਾਸ ਕੀਤਾ ਜਾਵੇ।

*ਪ੍ਰਸਤਾਵ ਪ੍ਰਵਾਨ ਹੋਇਆ।(ਥੰਪਿੰਗ)*

-----------

## IV. THE PUNJAB FISCAL RESPONSIBILITY AND BUDGET MANAGEMENT (AMENDMENT) BILL, 2022

**ਮਾਨਯੋਗ ਸਪੀਕਰ:** ਵਿੱਤ ਮੰਤਰੀ ਜੀ ਬਿਲ ਪੇਸ਼ ਕਰਨ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ):** ਸ਼੍ਰੀਮਾਨ ਜੀ, ਮੈਂ ਦਿ ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧ (ਸੋਧ) ਬਿਲ, 2022 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

> ਕਿ ਦਿ ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧ (ਸੋਧ) ਬਿਲ, 2022 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ -

> ਕਿ ਦਿ ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧ (ਸੋਧ) ਬਿਲ, 2022 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ:** ਬਹਿਸ, ਜੇਕਰ ਕੋਈ ਹੈ?

ਕ.ਕ/ਬ.ਸ./5.40/30.06.2022

**ਸਰਦਾਰ ਸੁਖਪਾਲ ਸਿੰਘ ਖਹਿਰਾ (ਭੁਲੱਥ):** ਸਪੀਕਰ ਸਾਹਿਬ ਇਹ ਸਦਨ ਵਿੱਚ ਜਿਹੜੇ ਬਹੁਤ ਸਾਰੇ ਐਮ.ਐਲ.ਏਜ਼ ਹਨ, ਉਹ ਆਰਥਿਕ ਸਥਿਤੀ ਨੂੰ ਜਾਂ ਇਕਾਨਮੀ ਨੂੰ ਸਮਝਣ ਵਿੱਚ ਇੰਨੇ ਸਮਰੱਥ ਨਹੀਂ ਹਨ। ਜਿਸ ਬਿਲ ਵਿੱਚ ਤੁਸੀਂ ਅਮੈਂਡਮੈਂਟ ਕਰ ਰਹੇ ਹੋ, ਮੈਂ ਆਪਣੀ ਅਕਲ ਵਿੱਚ ਵੀ ਇਜ਼ਾਫਾ ਕਰਨਾ ਚਾਹੁੰਦਾ ਹਾਂ ਅਤੇ ਬਾਕੀ ਮੈਂਬਰਜ਼ ਨੂੰ ਵੀ ਪਤਾ ਚੱਲ ਜਾਵੇਗਾ। ਜਿੱਥੋਂ ਤੱਕ ਮੈਂ ਇਸ ਬਿਲ ਦਾ ਵਿੱਤੀ ਮੈਮੋਰੰਡਮ ਪੜ੍ਹਿਆ ਹੈ ਇਸ ਵਿੱਚ ਮੈਨੂੰ ਕਰਜ਼ੇ ਦੀਆਂ borrowing ceilings ਨੂੰ ਵਧਾਉਣ ਦੀ ਗੱਲ ਨਜ਼ਰ ਆ ਰਹੀ ਹੈ। ਇਸ ਵੇਲੇ ਪੰਜਾਬ ਤੇ ਸਭ ਤੋਂ ਵੱਡਾ ਇਸ਼ੂ ਕਰਜ਼ੇ ਦਾ ਲਟਕ ਰਿਹਾ ਹੈ। ਹੋ ਸਕਦਾ ਹੈ ਕਿ ਪਿਛਲੀਆਂ ਸਰਕਾਰਾਂ ਨੇ ਇਸ ਸਬੰਧੀ ਕੋਈ ਯਤਨ ਨਾ ਕੀਤਾ ਹੋਵੇ ਲੇਕਿਨ ਮੇਰਾ ਇਹ ਮੰਨਣਾ ਹੈ ਕਿ ਜਦੋਂ ਕਿਸੇ ਦੀ responsibility ਹੁੰਦੀ ਹੈ ਤਾਂ ਉਹ ਆਪਣੀ ਪੂਰੀ ਵਾਹ ਲਾਉਂਦਾ ਹੈ ਕਿ ਉਹ ਆਪਣੇ ਸੂਬੇ ਦੀ ਤਰੱਕੀ ਕਰਾ ਸਕੇ। ਤਰੱਕੀ ਕਰਵਾਉਣ ਵਿੱਚ definitely ਕੋਈ ਨਾ ਕੋਈ ਪੈਸਾ ਵੇਸਟ ਹੋ ਜਾਂਦਾ ਹੈ। Undoubtedly ਪੈਸਾ ਖਾਧਾ ਜਾਂਦਾ ਹੈ। ਪਰ ਇਹ ਜਿਹੜਾ ਪੰਜਾਬ ਤੇ ਪੌਣੇ ਤਿੰਨ ਲੱਖ ਕਰੋੜ ਦਾ ਇੰਨਾ ਭਾਰੀ ਕਰਜ਼ਾ ਚੜ੍ਹਿਆ ਹੋਇਆ ਹੈ, ਇਸ ਵਿੱਚੋਂ ਬਹੁਤ ਵੱਡਾ ਹਿੱਸਾ, ਜਿੱਥੋਂ ਤੱਕ ਮੈਂ Budget at a Glance ਵਿੱਚੋਂ ਸਮਝ ਸਕਿਆ ਹਾਂ, 60 ਫੀਸਦੀ ਕਮਿਟਿਡ ਐਕਸਪੈਂਡੀਚਰ ਹੈ। ਉਹ ਤਾਂ ਤਨਖਾਹਾਂ, ਪੈਨਸ਼ਨਾਂ ਵਿੱਚ ਚਲਾ ਜਾਂਦਾ ਹੈ। ਪੁਰਾਣੇ ਲੋਨਾਂ ਦੇ ਵਿਆਜ ਦੀ ਅਦਾਇਗੀ ਵਿੱਚ ਚਲਾ ਜਾਂਦਾ ਹੈ। ਜਿਹੜੀਆਂ ਸਬਸਿਡੀਆਂ ਪੀ.ਐਸ.ਪੀ.ਸੀ.ਐਲ ਨੂੰ ਦੇ ਰਹੇ ਹਾਂ, ਜਾਂ ਆਟਾ ਦਾਲ ਸਕੀਮ ਦੀਆਂ ਸਬਸਿਡੀਆਂ ਜਾਂ ਹੋਰ ਵੀ ਕਈ ਤਰ੍ਹਾਂ ਦੀਆਂ ਸਬਸਿਡੀਆਂ ਦਿੱਤੀਆਂ ਜਾ ਰਹੀਆਂ ਹਨ, ਉਨ੍ਹਾਂ ਦੇ ਵਿੱਚ ਚਲਾ ਜਾਂਦਾ ਹੈ। ਮੇਰੇ ਹਿਸਾਬ ਨਾਲ 15-20 ਪਰਸੈਂਟ ਹੀ ਅਸਲ ਬਜਟ ਇਨਫਰਾਸਟ੍ਰੱਕਚਰ ਬਿਲਡਿੰਗ ਜਾਂ ਡਿਵੈਲਪਮੈਂਟ ਪ੍ਰਾਜੈਕਟਸ ਦੇ ਵਿੱਚ ਲੱਗ ਸਕਦਾ ਹੈ। ਸੋ, ਹੁਣ ਹੋ ਇਹ ਰਿਹਾ ਹੈ ਕਿ ਕਰਜ਼ੇ ਦੀ ਵਜ੍ਹਾ ਕਰਕੇ ਅਸੀਂ ਚੋਕ ਹੋ ਗਏ ਹਾਂ। ਮੈਂ ਸਿਰਫ ਇਹ ਸਮਝਣਾ ਚਾਹੁੰਦਾ ਹਾਂ ਕਿ

ਜਿਹੜੀ ਤੁਸੀਂ ਅਮੈਂਡਮੈਂਟ ਕਰ ਰਹੇ ਹੋ ਕਿ ਪਹਿਲਾਂ ਜੀ.ਐਸ.ਡੀ.ਪੀ. ਦੀ ਕਰਜ਼ੇ ਦੀ ਲਿਮਿਟ 3.5 ਪਰਸੈਂਟ ਸੀ। ਹੁਣ ਸ਼ਾਇਦ ਤੁਸੀਂ 4 ਪਰਸੈਂਟ ਤੱਕ ਇਨਕਰੀਜ਼ ਕਰਨਾ ਚਾਹੁੰਦੇ ਹੋ। ਅਸੀਂ ਇਹ ਜਾਣਕਾਰੀ ਚਾਹੁੰਦੇ ਹਾਂ ਕਿ ਇਸ ਅਮੈਂਡਮੈਂਟ ਦੇ ਰਾਹੀਂ ਇਸ ਵਿੱਤੀ ਵਰ੍ਹੇ ਵਿੱਚ ਸਰਕਾਰ further ਕਿੰਨਾ ਕਰਜ਼ਾ ਚੁੱਕਣਾ ਚਾਹੁੰਦੀ ਹੈ? ਪਹਿਲਾਂ ਕਿੰਨਾ ਕਰਜ਼ਾ ਹੈ ਅਤੇ ਇੱਕ ਸਾਲ ਵਿੱਚ ਇਸ ਅਮੈਂਡਮੈਂਟ ਰਾਹੀਂ ਆਪਾਂ expected ਕਿੰਨਾ ਕਰਜ਼ਾ ਹੋਰ ਚੁੱਕ ਰਹੇ ਹਾਂ? ਕਿਰਪਾ ਕਰਕੇ ਫਾਈਨਾਂਸ ਮਨਿਸਟਰ ਸਾਹਿਬ ਇਸ ਤੇ ਥੋੜ੍ਹਾ ਜਿਹਾ ਚਾਨਣਾ ਪਾ ਦੇਣ ਤਾਂ ਜੋ ਸਭ ਨੂੰ ਪਤਾ ਲੱਗ ਜਾਵੇ। ਧੰਨਵਾਦ।

**ਵਿੱਤ ਮੰਤਰੀ:** ਮਾਨਯੋਗ ਸਪੀਕਰ ਸਾਹਿਬ, 2020-21 ਦੇ ਵਿੱਚ ਸਾਡੀ ਲਿਮਿਟ 5 ਪਰਸੈਂਟ ਸੀ। 2021-22 ਵਿੱਚ ਉਹ 4 ਪਰਸੈਂਟ ਹੋ ਗਈ। ਹੁਣ ਅਸੀਂ ਘਟਾ ਕੇ 3.50 ਪਰਸੈਂਟ ਕਰ ਰਹੇ ਹਾਂ। ਅਸੀਂ ਕਰਜ਼ਾ ਵਧਾ ਨਹੀਂ ਰਹੇ, ਗੌਰਮਿੰਟ ਆਫ ਇੰਡੀਆ ਮੁਤਾਬਕ ਸਟੇਟ ਜਿੰਨੀ ਜੀ.ਐਸ.ਡੀ.ਪੀ. ਹੈ, ਉਸ ਦੇ ਤਹਿਤ ਸਟੇਟ ਕਿੰਨਾ ਕਰਜ਼ਾ ਲੈ ਸਕਦੀ ਹੈ। ਮੈਂ ਮੈਂਬਰ ਸਾਹਿਬਾਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿੰਨਾ ਕਰਜ਼ਾ ਹੁਣ ਤੱਕ ਸਰਕਾਰ ਨੇ ਲਿਆ ਹੈ ਉਸ ਵਿੱਚੋਂ ਜ਼ਿਆਦਾਤਰ ਪੈਸੇ ਨਾਲ ਪਹਿਲਾਂ ਲਏ ਹੋਏ ਕਰਜ਼ੇ ਦੀਆਂ ਕਿਸ਼ਤਾਂ ਪੇਅ ਕਰ ਰਹੇ ਹਾਂ। ਸਾਰੇ ਹਿੰਦੁਸਤਾਨ ਦੇ ਵਿੱਚ ਗੌਰਮਿੰਟ ਆਫ ਇੰਡੀਆ ਇਹ ਪ੍ਰਬੰਧ ਕਰਦੀ ਹੈ। ਜੇ ਪੰਜਾਬ ਕਰਜ਼ਾ ਲੈਣਾ ਬੰਦ ਕਰ ਦੇਵੇਗਾ ਤਾਂ ਕਿਉਂਕਿ ਪੁਰਾਣਾ ਕਰਜ਼ਾ ਖੜ੍ਹਾ ਹੈ, ਇਸ ਲਈ ਡਿਵੈਲਪਮੈਂਟ ਹੋਣੀ ਬੰਦ ਹੋ ਜਾਵੇਗੀ। ਅਸੀਂ ਕੋਈ ਵਾਧੂ ਕਰਜ਼ਾ ਨਹੀਂ ਲੈ ਰਹੇ। ਸਾਡੀ ਗੌਰਮਿੰਟ ਕਰਜ਼ਾ ਵਧਾ ਨਹੀਂ ਰਹੀ, ਕਰਜ਼ਾ ਘਟਾ ਰਹੀ ਹੈ। ਅਸੀਂ ਇਹ ਨਹੀਂ ਕਹਿੰਦੇ ਕਿ 4 ਪਰਸੈਂਟ ਤੱਕ ਕਰਜ਼ਾ ਲੈ ਰਹੇ ਹਾਂ। ਅਸੀਂ ਕਹਿੰਦੇ ਹਾਂ ਕਿ ਅਸੀਂ ਸਾਢੇ 3 ਪਰਸੈਂਟ ਤੱਕ ਕਰਜ਼ਾ ਲਵਾਂਗੇ। ਮੈਂ ਹਾਊਸ ਦੇ ਵਿੱਚ ਦੱਸਣਾ ਚਾਹੰਦਾ ਹਾਂ ਕਿ ਮਾਨ ਸਾਹਿਬ ਨੇ ਹਦਾਇਤ ਜਾਰੀ ਕੀਤੀ ਹੈ ਕਿ ਸਾਢੇ ਤਿੰਨ ਨਹੀਂ ਸਿਰਫ ਤਿੰਨ ਪਰਸੈਂਟ ਤੱਕ ਹੀ ਕਰਜ਼ਾ ਲੈਣਾ ਹੈ। ਅਸੀਂ ਇਸ ਨੂੰ ਹੋਰ ਵੀ ਘਟਾਵਾਂਗੇ। ਇਹ ਜਿਹੜੀ ਗੌਰਮਿੰਟ ਆਫ ਇੰਡੀਆ ਦੀ ਅਮੈਂਡਮੈਂਟ ਹੈ, ਇਹ ਕਰਨੀ ਜ਼ਰੂਰੀ ਹੁੰਦੀ ਹੈ। ਸੋ, ਇਸ ਦੇ ਤਹਿਤ ਇਹ ਅਮੈਂਡਮੈਂਟ ਹੋ ਰਹੀ ਹੈ। ਧੰਨਵਾਦ ਜੀ।

**ਸ਼੍ਰੀ ਅਵਤਾਰ ਸਿੰਘ ਜੂਨੀਅਰ (ਜਲੰਧਰ ਉੱਤਰੀ):** ਸਪੀਕਰ ਸਾਹਿਬ, ਧੰਨਵਾਦ ਤੁਸੀਂ ਇਸ ਐਕਟ ਤੇ ਬੋਲਣ ਦਾ ਸਮਾਂ ਦਿੱਤਾ। ਸਪੀਕਰ ਸਾਹਿਬ ਮੈਂ ਤੁਹਾਡੇ ਮਾਰਫਤ ਫਾਈਨਾਂਸ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਇਨ੍ਹਾਂ ਨੇ ਬਜਟ ਵਿੱਚ ਪ੍ਰੋਵੀਜ਼ਨ ਕੀਤਾ ਹੈ, ਉਹ 3.78 ਪਰਸੈਂਟ ਦਾ ਪ੍ਰੋਵੀਜ਼ਨ ਕੀਤਾ ਹੈ। Where as ਇਹ 3.78 ਪਰਸੈਂਟ ਤੋਂ ਉੱਪਰ ਨਹੀਂ ਜਾ ਸਕਦੇ। ਫਾਈਨਾਂਸ ਮਨਿਸਟਰ ਸਾਹਿਬ ਨੇ ਹੁਣ ਹੀ ਇਹ ਤਸਦੀਕ ਕੀਤਾ ਹੈ ਕਿ ਪਿਛਲੀਆਂ ਸਰਕਾਰਾਂ ਵੇਲੇ 5 ਪਰਸੈਂਟ, 4 ਪਰਸੈਂਟ ਸੀ ਤੇ ਹੁਣ ਅਸੀਂ ਸਾਢੇ

3 ਪਰਸੈਂਟ ਕਰਨ ਲੱਗੇ ਹਾਂ। ਕੀ ਇਹ ਸਰਕਾਰ ਦੇ ਹੱਥ ਹੁੰਦਾ ਹੈ ਜਾਂ ਪਲਾਨਿੰਗ ਕਮਿਸ਼ਨ ਇਨ੍ਹਾਂ ਨੂੰ ਹਦਾਇਤ ਕਰਦਾ ਹੈ ਕਿ ਤੁਸੀਂ ਇਸ ਲਿਮਿਟ ਤੱਕ ਹੀ ਕਰਜ਼ਾ ਚੁੱਕ ਸਕਦੇ ਹੋ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜੋ ਪਿਛਲੀਆਂ ਸਰਕਾਰਾਂ ਨੇ 5 ਪਰਸੈਂਟ ਤੱਕ ਕੀਤਾ ਸੀ, ਕੀ ਉਹ ਕੋਵਿਡ ਦੀ ਸਪੈਸ਼ਲ ਪ੍ਰੋਵੀਜ਼ਨ ਕਰਕੇ ਹੋਇਆ ਸੀ? Thank you.

**ਵਿੱਤ ਮੰਤਰੀ:** ਮੈਂਬਰ ਸਾਹਿਬ ਨੇ ਬਿਲਕੁਲ ਸਹੀ ਫੁਰਮਾਇਆ ਹੈ ਕਿ 15ਵੇਂ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਦੇ ਮੁਤਾਬਕ 2020-21 ਰਾਜ ਦੇ ਘਰੇਲੂ ਉਤਪਾਦ ਤੇ ਅਸੀਂ 4 ਪਰਸੈਂਟ ਕਰਜ਼ਾ ਲੈ ਸਕਦੇ ਸੀ। ਉਸ ਤੋਂ ਬਾਅਦ ਜੀ.ਐਸ.ਡੀ.ਪੀ ਦੇ 3.5 ਪਰਸੈਂਟ ਦੀ ਪ੍ਰੋਵੀਜ਼ਨ ਆ ਗਈ ਸੀ। ਹੁਣ ਗੌਰਮਿੰਟ ਆਫ ਇੰਡੀਆ ਕਹਿੰਦੀ ਹੈ ਕਿ ਰਾਜ ਨੈਸ਼ਨਲ ਪੈਨਸ਼ਨਜ਼ ਸਿਸਟਮ ਦੇ ਅਧੀਨ ਵੀ ਕਰਜ਼ਾ ਲੈ ਸਕਦੇ ਹਨ। ਮੈਂ ਫਿਰ ਕਹਿ ਰਿਹਾ ਹਾਂ ਕਿ ਜਿੰਨਾ ਸਾਨੂੰ ਗੌਰਮਿੰਟ ਆਫ ਇੰਡੀਆ ਅਲਾਓ ਕਰਦੀ ਹੈ, ਅਸੀਂ ਉਸ ਤੋਂ ਘੱਟ ਕਰਜ਼ਾ ਲਵਾਂਗੇ। ਜੇ ਕਰਜ਼ਾ ਨਹੀਂ ਲਵਾਂਗੇ ਤਾਂ ਸਟੇਟ ਦਾ ਪ੍ਰਬੰਧ ਨਹੀਂ ਚੱਲ ਸਕਦਾ। ਕਰਜ਼ਾ ਲੈਣਾ ਪਵੇਗਾ। ਅਸੀਂ ਜ਼ਿੰਮੇਵਾਰੀ ਨਾਲ ਕਹਿੰਦੇ ਹਾਂ ਕਿ ਅਸੀਂ ਮੋੜ ਵੀ ਦਿਆਂਗੇ। ਜਿੰਨਾ ਕਰਜ਼ਾ ਪਹਿਲਾਂ ਲਿਆ ਗਿਆ ਹੈ, ਉਸ ਤੋਂ ਕਿਧਰੇ ਘੱਟ ਲਵਾਂਗੇ।

ਪ.ਸ਼./ਬ.ਸ./05.45/30.06.2022

**ਮਾਨਯੋਗ ਸਪੀਕਰ**: ਹਾਂ ਜੀ, ਸ਼੍ਰੀ ਅਵਤਾਰ ਸਿੰਘ ਜੂਨੀਅਰ ਜੀ।

**ਸ਼੍ਰੀ ਅਵਤਾਰ ਸਿੰਘ ਜੂਨੀਅਰ**: ਵਿੱਤ ਮੰਤਰੀ ਸਾਹਿਬ ਨੇ ਇਸ ਗੱਲ ਦੀ ਕਲੈਰਿਟੀ ਨਹੀਂ ਦਿੱਤੀ ਕਿ ਆਪਣੇ ਬਜਟ ਪ੍ਰੋਵੀਜਨ ਦੇ ਵਿੱਚ 3.78% ਰੱਖਿਆ ਹੈ ਕਿ ਨਹੀਂ ਰੱਖਿਆ?

**ਵਿੱਤ ਮੰਤਰੀ**: ਬਿਲਕੁਲ ਰੱਖਿਆ ਹੈ ਜੀ। ਅਸੀਂ ਜਿਹੜਾ ਐਕਟ ਲੈ ਕੇ ਆਏ ਹਾਂ, ਉਸ ਦੇ ਤਹਿਤ ਅਮੈਂਡਮੈਂਟ ਕਰ ਦਿਆਂਗੇ। ਜੀ.ਐਸ.ਡੀ.ਪੀ ਦਾ ਰੱਖਿਆ ਹੈ। ਬਜਟ ਸਪੀਚ ਵੇਲੇ ਵੀ ਕਲੈਰੀਫਾਈ ਕੀਤਾ ਸੀ, ਜੇਕਰ ਪਤਾ ਨਹੀਂ ਲੱਗਿਆ ਤਾਂ ਹੁਣ ਫਿਰ ਕਲੈਰੀਫਾਈ ਕਰ ਦਿਆਂਗੇ।

**Mr. Speaker**: Thank you, Thank you.

**ਮਾਨਯੋਗ ਸਪੀਕਰ** : ਪ੍ਰਸ਼ਨ ਹੈ-

> ਕਿ ਦਿ ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧ (ਸੋਧ) ਬਿਲ, 2022 ਤੇ ਤੁਰੰਤ ਵਿਚਾਰ ਕੀਤਾ ਜਾਵੇ।

*ਪ੍ਰਸਤਾਵ ਪ੍ਰਵਾਨ ਹੋਇਆ।*

**ਮਾਨਯੋਗ ਸਪੀਕਰ** : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਪ੍ਰਵਾਨ ਹੋਇਆ।*

**ਕਲਾਜ਼ 2**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਕਲਾਜ਼ 2 ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਪ੍ਰਵਾਨ ਹੋਇਆ।*

**ਕਲਾਜ਼ 1 ਦੀ ਸਬ ਕਲਾਜ਼ (1)**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਪ੍ਰਵਾਨ ਹੋਇਆ।*

**ਸਿਰਲੇਖ**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

*ਪ੍ਰਸਤਾਵ ਪ੍ਰਵਾਨ ਹੋਇਆ।*

**ਮਾਨਯੋਗ ਸਪੀਕਰ** : ਹੁਣ ਵਿੱਤ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)**: ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਦਿ ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧ (ਸੋਧ) ਬਿਲ, 2022 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ**: ਪ੍ਰਸਤਾਵ ਕੀਤਾ -

ਕਿ ਦਿ ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧ (ਸੋਧ) ਬਿਲ, 2022 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ**: ਪ੍ਰਸ਼ਨ ਹੈ -

ਕਿ ਦਿ ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧ (ਸੋਧ) ਬਿਲ, 2022 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

-----

**ਮਾਨਯੋਗ ਸਪੀਕਰ** : ਸੀ.ਐਮ. ਸਾਹਿਬ, ਤੁਸੀਂ ਕੁਝ ਕਹਿਣਾ ਚਾਹੁੰਦੇ ਹੋ?

## ANNOUNCEMENT BY THE CHIEF MINISTER REGARDING REGULARISATION OF THE SERVICES OF CONTRACTUAL EMPLOYEES

**ਮੁੱਖ ਮੰਤਰੀ (ਸ਼੍ਰੀ ਭਗਵੰਤ ਮਾਨ)**: ਮਾਨਯੋਗ ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ। ਪੰਜਾਬ ਦੇ ਵਿੱਚ ਇੱਕ ਬਹੁਤ ਹੀ ਵੱਡਾ ਮੁੱਦਾ ਚੱਲ ਰਿਹਾ ਹੈ "ਕੱਚੇ ਮੁਲਾਜ਼ਮਾਂ (Ad-hoc, contract, daily wagers, work charge, temporary employees) ਨੂੰ ਪੱਕੇ ਕਰਨ ਦਾ"। ਮੈਂ ਇਸ ਪਵਿੱਤਰ ਸਦਨ ਨੂੰ Group C and Group D Employees Bill, 2022 ਨੂੰ ਲਾਗੂ ਕਰਨ ਸਬੰਧੀ ਜਾਣਕਾਰੀ ਦੇਣਾ ਚਾਹੁੰਦਾ ਹਾਂ। ਸਾਡੀ ਸਰਕਾਰ ਦੀ ਪ੍ਰਾਈਰਿਟੀ ਹੈ ਕਿ ਜਿਹੜੇ ਕੱਚੇ ਮੁਲਾਜ਼ਮ ਹਨ, ਉਨ੍ਹਾਂ ਨੂੰ ਸਰਕਾਰੀ ਨੌਕਰੀ ਦੇ ਵਿੱਚ ਪੱਕਾ ਕਰੀਏ। ਸਰ, ਇਸ ਮੁੱਦੇ ਤੇ ਜਿਹੜਾ ਸਾਲ 2016 ਦੇ ਵਿੱਚ ਕਾਨੂੰਨ ਬਣਾਇਆ ਸੀ, ਉਸ ਦੇ ਵਿੱਚ ਬੜੀਆਂ ਕਮੀਆਂ ਸਨ, ਇਸ ਕਰਕੇ ਉਹ ਅਮਲ ਵਿੱਚ ਨਹੀਂ ਲਿਆਂਦਾ ਗਿਆ। ਕਾਨੂੰਨੀ ਅੜਚਣਾਂ ਕਰਕੇ ਉਹ ਬਿਲ ਕੋਰਟ ਦੇ ਵਿੱਚ ਪੈਂਡਿੰਗ ਪਿਆ ਹੈ। ਸਰ, ਉਸ ਤੋਂ ਬਾਅਦ ਸਾਲ 2021 ਦੇ ਵਿੱਚ ਬਣਾਇਆ ਹੋਇਆ ਖਰੜਾ ਅਜੇ ਤੱਕ ਮਾਨਯੋਗ ਗਵਰਨਰ ਸਾਹਿਬ ਦੇ ਕੋਲ ਪਿਆ ਹੈ। ਇਨ੍ਹਾਂ ਸਭ ਅੜਚਣਾਂ ਦੇ ਬਾਵਜੂਦ ਅਸੀਂ ਇੱਕ ਨਵਾਂ ਖਰੜਾ ਤਿਆਰ ਕੀਤਾ ਹੈ ਅਤੇ ਅੱਜ ਕੈਬਨਿਟ ਦੇ ਵਿੱਚ ਉਸ ਖਰੜੇ ਨੂੰ ਪੇਸ਼ ਕੀਤਾ ਗਿਆ ਹੈ ਕਿਉਂਕਿ ਅਸੀਂ ਨਹੀਂ ਚਾਹੁੰਦੇ ਕਿ ਕਿਸੇ ਵੀ ਕੱਚੇ ਮੁਲਾਜ਼ਮ ਨੂੰ ਕੋਈ ਹਾਈ ਕੋਰਟ ਜਾਂ ਕੋਈ ਕਾਨੂੰਨੀ ਅੜਚਣ ਪੇਸ਼ ਆਵੇ ਕਿ ਸਟੇਅ ਵਗੈਰਾ ਲੱਗੇ ਅਤੇ ਉਨ੍ਹਾਂ ਨੂੰ ਵਕੀਲ ਕਰਨੇ ਪੈਣ।

**5.50/ਜਸਪਾਲ/30.6.22/ਰਜਨੀਸ਼ ਕੁਮਾਰ**

ਸੋ, ਇਸ ਮੁੱਦੇ ਦੇ ਉਤੇ ਅਸੀਂ ਖੁਦ ਵੀ ਮੈਂ ਗਵਰਨਰ ਸਾਹਿਬ ਨਾਲ ਗੱਲ ਕਰਾਂਗਾ ਕਿਉਂਕਿ ਉਹ ਮਨੀ ਬਿਲ ਹੈ, ਉਹ ਮਾਨਯੋਗ ਗਵਰਨਰ ਸਾਹਿਬ ਕੋਲ ਪੈਂਡਿੰਗ ਪਿਆ ਹੈ। ਸੋ, ਇਸ ਵਾਸਤੇ ਅਸੀਂ ਕਾਨੂੰਨੀ ਪੱਖੋਂ ਮੁਕੰਮਲ ਖਰੜਾ ਪੇਸ਼ ਕਰਾਂਗੇ ਤਾਂਕਿ ਵੱਧ ਤੋਂ ਵੱਧ ਮੁਲਾਜ਼ਮ ਉਸ ਵਿਚ ਕਵਰ ਹੋ ਜਾਣ । ਕਿਸੇ ਵੀ ਵਿਚ ਜਸਟਿਸ ਉਮਾ ਦੇਵੀ ਦੀ ਜੱਜਮੈਂਟ ਵੀ ਅੜਿਚਣ ਵਿਚ ਆਉਂਦੀ ਹੈ । ਇਸ ਦੇ ਵਾਸਤੇ ਅਸੀਂ ਕੈਬਨਿਟ ਦੀ ਤਿੰਨ ਮੈਂਬਰੀ ਕਮੇਟੀ ਬਣਾਈ ਹੈ ਜਿਹੜੀ ਆਉਣ ਵਾਲੇ ਕੁਝ ਦਿਨਾਂ ਤੱਕ ਹੀ ਇਨ੍ਹਾਂ ਸਾਰੀਆਂ ਕਾਨੂੰਨੀ

ਅੜਚਣਾਂ ਬਾਰੇ ਏ.ਜੀ.ਸਾਹਿਬ ਨਾਲ ਜਾਂ ਹੋਰ ਕਾਨੂੰਨ ਦੇ ਮਾਹਿਰਾਂ ਨਾਲ ਵਿਚਾਰ ਕਰਕੇ, ਭਾਵੇਂ ਸਾਨੂੰ ਉਸ ਵਾਸਤੇ ਸਪੈਸ਼ਲ ਸੈਸ਼ਨ ਰੱਖਣਾ ਪਵੇ, ਜਦੋਂ ਹੀ ਅਸੀਂ ਕਾਨੂੰਨੀ ਤੌਰ ਉਤੇ ਸਹੀ ਹੋ ਗਏ ਤਾਂ ਅਸੀਂ ਸਾਰੇ ਕੱਚੇ ਮੁਲਾਜਮਾਂ ਨੂੰ ਪੱਕੇ ਕਰਨ ਲਈ ਵਚਨਬੱਧ ਹਾਂ। (ਥੰਪਿੰਗ) ਅੱਜ ਅਸੀਂ ਕੈਬਨਿਟ ਵਿਚ ਖਰੜਾ ਲਿਆਂਦਾ ਹੈ, ਕੈਬਨਿਟ ਨੇ ਅਪਰੂਵ ਕਰ ਦਿੱਤਾ ਹੈ, ਜਿਹੜੀਆਂ ਕਾਨੂੰਨੀ ਅੜਚਣਾਂ 2016 ਜਾਂ 2021 ਵਾਲੀਆਂ ਹਨ ਜਾਂ ਗਵਰਨਰ ਸਾਹਿਬ ਕੋਲ ਜਿਹੜਾ ਖਰੜਾ ਪਿਆ ਹੈ ਉਹ ਸਾਰੀਆਂ ਦੂਰ ਕਰਕੇ ਅਸੀਂ ਵਚਨਬੱਧ ਹਾਂ ਕਿ ਅਸੀਂ ਉਨ੍ਹਾਂ ਮੁਲਾਜ਼ਮਾਂ ਨੂੰ ਪੱਕੇ ਵੀ ਕਰਾਂਗੇ । ਇਸ ਵਿਚ ਉਮਰ ਦਾ ਵੀ ਪੰਗਾ ਪਿਆ ਹੈ, ਜੇ ਕੋਈ ਓਵਰਏਜ਼ ਹੋ ਗਿਆ ਜਾਂ ਕੁਝ ਹੋਰ ਤਾਂ ਅਸੀਂ ਉਸ ਵਿਚ ਵੀ ਰਿਲੈਕਸੇਸ਼ਨ ਦੇਵਾਂਗੇ। ਥੰਪਿੰਗ)

## EXPRESSION OF GRATITUDE BY THE SPEAKER

**ਮਾਨਯੋਗ ਸਪੀਕਰ** : ਧੰਨਵਾਦ ਸੀ.ਐਮ. ਸਾਹਿਬ, ਸਤਿਕਾਰਯੋਗ 16ਵੀਂ ਵਿਧਾਨ ਸਭਾ ਦੇ ਸਾਰੇ ਹੀ ਮਾਨਯੋਗ ਮੈਂਬਰ ਸਾਹਿਬਾਨਾਂ ਦਾ। ਕਿਉਂਕਿ ਪੰਜਾਬ ਦੇ ਲੋਕਾਂ ਦੇ ਹਿੱਤਾਂ ਦੀ ਰਾਖੀ ਲਈ ਵਚਨਬੱਧ ਹੋ ਕੇ ਅਤੇ ਸੂਬੇ ਦੀ ਬਹੁਪੱਖੀ ਤਰੱਕੀ ਨੂੰ ਮੁੱਖ ਰੱਖਦੇ ਹੋਏ, ਅਸੀਂ ਅੱਜ 16ਵੀਂ ਵਿਧਾਨ ਸਭਾ ਦੇ ਪਹਿਲ ਬਜਟ ਸੈਸ਼ਨ ਨੂੰ ਸ਼ਾਂਤੀ ਪੂਰਵਕ ਢੰਗ ਨਾਲ ਮੁਕੰਮਲ ਕਰਨ ਵਿਚ ਕਾਮਯਾਬ ਹੋਏ ਹਾਂ। (ਥੰਪਿੰਗ) ਮੈਂ ਇਸ ਸਫਲਤਾ ਵਿਚ ਆਪ ਸਭ ਵੱਲੋਂ ਪਾਏ ਗਏ ਵੱਡਮੁੱਲੇ ਯੋਗਦਾਨ ਲਈ ਆਪ ਸਭ ਦਾ ਦਿਲੋਂ ਧੰਨਵਾਦੀ ਹਾਂ। ਸੂਬੇ ਦੇ ਲੋਕਾਂ ਦੇ ਹਿੱਤਾਂ ਲਈ ਜੋ ਸੱਤਾ ਅਤੇ ਵਿਰੋਧੀ ਦੋਹਾਂ ਧਿਰਾਂ ਵੱਲੋਂ ਵਿਲੱਖਣ ਸਾਂਝ ਦੇਖਣ ਨੂੰ ਮਿਲੀ ਉਹ ਆਉਣ ਵਾਲੇ ਦਿਨਾਂ ਵਿਚ ਸੂਬੇ ਦੀ ਤਰੱਕੀ ਅਤੇ ਲੋਕਾਂ ਦੀ ਖੁਸ਼ਹਾਲੀ ਦਾ ਸੂਚਕ ਹੈ। (ਥੰਪਿੰਗ) ਮੈਂ ਸਦਨ ਦੇ ਸਮੂਹ ਮੈਂਬਰ ਸਾਹਿਬਾਨਾਂ ਨੂੰ ਇਸ ਲਈ ਵਧਾਈ ਦੇ ਪਾਤਰ ਮੰਨਦਾ ਹਾਂ। ਮੈਂ ਇਸ ਮੌਕੇ ਉਤੇ ਵਿਰੋਧੀ ਧਿਰ ਵਿਚ ਬੈਠੇ ਸਾਰੀਆਂ ਪਾਰਟੀਆਂ ਦੇ ਮਾਨਯੋਗ ਮੈਂਬਰ ਸਾਹਿਬਾਨਾਂ ਦਾ ਖਾਸ ਤੌਰ ਤੇ ਧੰਨਵਾਦ ਕਰਨਾ ਚਾਹੁੰਦਾ ਹਾਂ ਕਿਉਂਕਿ ਅਸੀਂ ਸਾਰਿਆਂ ਨੇ ਸੂਬੇ ਦੀ ਭਲਾਈ ਨੂੰ ਪਹਿਲ ਦਿੰਦਿਆਂ ਜ਼ਿਲ੍ਹਾ ਪ੍ਰਸਤਾਵਾਂ ਤੇ ਇੱਕ-ਮੱਤ ਹੋ ਕੇ ਸਮਰਥਨ ਦਿੱਤਾ ਹੈ, ਸੂਬੇ ਦੇ ਲੋਕਾਂ ਲਈ ਇਹ ਇਕ ਅਦੁੱਤੀ ਮਿਸਾਲ ਹੈ।

ਮੈਂ ਸਦਨ ਵਿਚ ਬੈਠੇ ਸਾਰੇ ਮੈਂਬਰ ਸਾਹਿਬਾਨਾਂ ਦੀ ਸ਼ਲਾਘਾ ਕਰਦਾ ਹਾਂ ਅਤੇ ਦਿਲੋਂ ਧੰਨਵਾਦ ਵੀ ਕਰਦਾ ਹਾਂ ਕਿ ਸੈਸ਼ਨ ਦੌਰਾਨ ਆਪ ਸਭ ਨੇ ਲੋਕਤੰਤਰ ਦੀ ਸੱਚੀ ਭਾਵਨਾ ਨਾਲ ਪਵਿੱਤਰ ਸਦਨ ਦੀ ਮਰਿਯਾਦਾ ਅਤੇ ਗਰਿਮਾ ਨੂੰ ਕਾਇਮ ਰੱਖਿਆ । ਮੈਨੂੰ ਸਦਨ ਦੀ ਕਾਰਵਾਈ ਸੰਚਾਲਤ ਕਰਨ ਵਿੱਚ ਕੋਈ ਵੀ ਔਖ ਪੇਸ਼ ਨਹੀਂ ਆਉਣ ਦਿੱਤੀ। ਮੈਨੂੰ ਇਹ ਵੀ ਉਮੀਦ ਹੈ ਕਿ ਮੇਰੇ ਵੱਲੋਂ ਜਾਂ ਸੀਨੀਅਰ ਲੀਡਰਸ਼ਿਪ ਵੱਲੋਂ ਪਹਿਲੀ ਵਾਰ ਚੁਣ ਕੇ ਆਏ ਮੈਂਬਰ ਸਾਹਿਬਾਨਾਂ ਨੂੰ ਕੋਈ ਮੁਸ਼ਕਲ ਪੇਸ਼ ਨਹੀਂ ਆਉਣ ਦਿੱਤੀ ਗਈ। ਮੈਨੂੰ ਪੂਰਾ ਯਕੀਨ ਹੈ

ਕਿ ਆਉਣ ਵਾਲੇ ਸਮੇਂ ਵਿਚ ਵੀ ਆਪ ਸਭ ਦਾ ਇਸੇ ਤਰ੍ਹਾਂ ਸਹਿਯੋਗ ਮਿਲਦਾ ਰਹੇਗਾ ਅਤੇ ਅਸੀਂ ਮਿਲ ਕੇ ਸਦਨ ਦੇ ਸੰਚਾਲਣ, ਇਸ ਦੀ ਨਿਰਵਿਘਨ ਕਾਰਵਾਈ ਅਤੇ ਸਦਨ ਤੋਂ ਬਾਹਰ ਵੀ ਜੋ ਕੰਮ ਸਾਡੇ ਲੇਖੇ ਲਗਾਏ ਜਾਣਗੇ ਉਨ੍ਹਾਂ ਨੂੰ ਨੇਪਰੇ ਚਾੜ੍ਹਨ ਵਿਚ ਕਾਮਯਾਬ ਹੋਵਾਂਗੇ। ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ।

ਸਦਨ ਅਣਮਿਥੇ ਸਮੇਂ ਲਈ ਸਥੱਗਿਤ ਹੁੰਦਾ ਹੈ।

*5.54 ਵਜੇ ਸ਼ਾਮ) *(ਇਸ *ਸਮੇਂ ਸਦਨ ਅਣਮਿੱਥੇ ਸਮੇਂ ਲਈ ਸਥੱਗਿਤ ਹੋ ਗਿਆ।)*

-----